


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 14 April 2026 | website: www.cee7news.com

## ਚੰਡੀਗੜ੍ਹ ਵਿਚ ਪਾਸਪੋਰਟ ਦਫ਼ਤਰ ਨੂੰ ਬੰਬ ਧਮਕੀ



ਚੰਡੀਗੜ੍ਹ ਦੇ ਇੰਡਸਟਰੀਅਲ ਏਰੀਆ ਫੇਜ਼-2 ਵਿਚ ਸਥਿਤ ਪਾਸਪੋਰਟ ਦਫ਼ਤਰ ਨੂੰ ਸੋਮਵਾਰ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਧਮਕੀ ਤੋਂ ਬਾਅਦ ਪੁਲੀਸ ਅਤੇ ਸੁਰੱਖਿਆ ਟੀਮਾਂ ਤੁਰੰਤ ਐਕਸ਼ਨ ਵਿਚ ਆ ਗਈਆਂ ਅਤੇ ਪੂਰੀ ਇਮਾਰਤ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਕੋਈ ਵੀ ਸ਼ੱਕੀ ਚੀਜ਼ ਜਾਂ ਬੰਬ ਨਹੀਂ ਮਿਲਿਆ। ਇਸ ਘਟਨਾ ਕਾਰਨ ਦਫ਼ਤਰ ਵਿਚ ਮੌਜੂਦ ਲੋਕਾਂ ਨੂੰ ਕੁਝ ਸਮੇਂ ਲਈ ਬਾਹਰ ਭੇਜਿਆ ਗਿਆ ਤਾਂ ਜੋ ਕਿਸੇ ਤਰ੍ਹਾਂ ਦੀ ਭਗਦੜ ਜਾਂ ਡਰ ਪੈਦਾ ਨਾ ਹੋਵੇ। ਪੁਲੀਸ ਅਧਿਕਾਰੀਆਂ ਅਨੁਸਾਰ ਧਮਕੀ ਵਾਲੀ ਈਮੇਲ ਰਾਹੀਂ ਇਹ ਸੁਨੇਹਾ ਭੇਜਿਆ ਗਿਆ ਸੀ ਕਿ ਪਾਸਪੋਰਟ ਦਫ਼ਤਰ ਨੂੰ ਬੰਬ ਨਾਲ ਉਡਾਇਆ ਜਾਵੇਗਾ। ਇਸ ਤੋਂ ਬਾਅਦ ਸੈਕਟਰ 31 ਦੇ ਐਸ.ਐਚ.ਓ ਹਰੀ ਓਮ ਸ਼ਰਮਾ ਨੇ ਦੱਸਿਆ ਕਿ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਬਾਹਰ ਭੇਜਿਆ ਗਿਆ ਅਤੇ ਬੰਬ ਸਕੁਐਡ ਸਮੇਤ ਪੁਲੀਸ ਟੀਮਾਂ ਨੇ ਇਮਾਰਤ ਦੀ ਛਾਨਬੀਨ ਕੀਤੀ। ਉਨ੍ਹਾਂ ਕਿਹਾ ਕਿ ਤਲਾਸ਼ੀ ਵਿਚ ਕੁਝ ਵੀ ਸ਼ੱਕੀ ਨਹੀਂ ਮਿਲਿਆ ਇਸ ਲਈ ਸਭ ਕੁਝ ਠੀਕ ਹੈ।

ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਚੰਡੀਗੜ੍ਹ ਵਿਚ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਬੰਬ ਧਮਕੀਆਂ ਆ ਰਹੀਆਂ ਹਨ। ਪਿਛਲੇ ਇੱਕ ਹਫ਼ਤੇ ਵਿਚ ਚੰਡੀਗੜ੍ਹ ਦੇ ਕਈ ਸਕੂਲਾਂ, ਸੈਕਟਰੀਏਟ ਅਤੇ ਹੋਰ ਸਰਕਾਰੀ ਥਾਵਾਂ ਨੂੰ ਵੀ ਅਜਿਹੀਆਂ ਧਮਕੀਆਂ ਮਿਲ ਚੁੱਕੀਆਂ ਹਨ ਜੋ ਬਾਅਦ ਵਿਚ ਅਫਵਾਹਾਂ ਸਾਬਤ ਹੋਈਆਂ। ਇਸ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਵੀ ਬੰਬ ਧਮਕੀ ਵਾਲੇ ਸੰਦੇਸ਼ ਆਏ ਸਨ। ਇਸ ਸਭ ਨਾਲ ਸੁਰੱਖਿਆ ਏਜੰਸੀਆਂ ਉੱਚ ਚੌਕਸੀ ਵਿਚ ਹਨ ਅਤੇ ਹਰ ਧਮਕੀ ਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ।

ਪੁਲੀਸ ਨੇ ਇਸ ਮਾਮਲੇ ਵਿਚ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਧਮਕੀ ਭੇਜਣ ਵਾਲੇ ਵਿਅਕਤੀ ਜਾਂ ਗਰੁੱਪ ਦਾ ਪਤਾ ਲਗਾਉਣ ਲਈ ਈਮੇਲ ਦੀ ਟ੍ਰੈਕਿੰਗ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਅਫਵਾਹਾਂ ਤੋਂ ਬਚਣ ਅਤੇ ਘਬਰਾਉਣ ਨਾ ਕਿ ਉਹ ਆਪਣਾ ਰੋਜ਼ਾਨਾ ਕੰਮ ਆਮ ਤਰੀਕੇ ਨਾਲ ਜਾਰੀ ਰੱਖਣ। ਫਿਲਹਾਲ ਪਾਸਪੋਰਟ ਦਫ਼ਤਰ ਵਿਚ ਕੰਮਕਾਜ ਆਮ ਤਰੀਕੇ ਨਾਲ ਚੱਲ ਰਿਹਾ ਹੈ ਅਤੇ ਕਿਸੇ ਤਰ੍ਹਾਂ ਦੀ ਅਸੁਵਿਧਾ ਨਹੀਂ ਹੈ।

ਇਸ ਤਰ੍ਹਾਂ ਦੀਆਂ

**Cee7News** ਪੰਜਾਬ ਵਿਧਾਨ ਸਭਾ ਵਿਸ਼ੇਸ਼ ਸੈਸ਼ਨ: ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਸਖ਼ਤ ਬਿੱਲ ਪਾਸ

## ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ।

ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ। ਇਸ ਇੱਕ ਦਿਨੀਆਂ ਸੈਸ਼ਨ ਵਿੱਚ ਸਭ ਤੋਂ ਵੱਡਾ ਮੁੱਦਾ ਰਿਹਾ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026'। ਇਸ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਬਿੱਲ ਪਾਸ ਹੋਣ ਤੋਂ ਬਾਅਦ ਪੂਰਾ ਸਦਨ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਬਿੱਲ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਅਤੇ ਲੱਖਾਂ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਹੈ।

ਸੈਸ਼ਨ ਦੀ ਸ਼ੁਰੂਆਤ ਸਵੇਰੇ ਹੋਈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਭ ਤੋਂ ਪਹਿਲਾਂ ਚੋਣ ਕਮੇਟੀ ਦੀ ਰਿਪੋਰਟ ਟੇਬਲ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ 9 ਮਹੀਨੇ ਪਹਿਲਾਂ ਬਣਾਈ ਗਈ ਇਸ ਕਮੇਟੀ ਦੀ ਰਿਪੋਰਟ ਤੋਂ ਬਿਨਾਂ ਨਵਾਂ ਬਿੱਲ ਚਰਚਾ ਲਈ ਨਹੀਂ ਲਿਆ ਜਾਣਾ ਚਾਹੀਦਾ। ਉਨ੍ਹਾਂ ਸਰਕਾਰ ਤੇ ਉਪਾਲੇ ਵੀ ਉਠਾਏ ਅਤੇ ਕਿਹਾ ਕਿ ਕਰਮਚਾਰੀਆਂ ਦੀਆਂ ਡੀਏ ਬਕਾਇਆਂ ਲਈ ਮੰਤਰੀਆਂ, ਵਿਧਾਇਕਾਂ ਅਤੇ ਆਈਏਐੱਸ ਅਫਸਰਾਂ ਦੀਆਂ ਤਨਖਾਹਾਂ ਫ੍ਰੀਜ਼ ਕਰ ਦਿੱਤੀਆਂ ਜਾਣ। ਉਨ੍ਹਾਂ ਡੀਐੱਮ ਗਗਨਦੀਪ ਰੰਧਾਵਾ ਮਾਮਲੇ ਵਿੱਚ ਸੀਬੀਆਈ ਜਾਂਚ ਦੀ ਵੀ ਮੰਗ ਕੀਤੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਵਿੱਚ ਵੱਖ-ਵੱਖ ਵਿਅਕਤੀਆਂ ਅਤੇ ਘਟਨਾਵਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅਸ਼ਾ ਭੋਸਲੇ, ਮਥੁਰਾ ਅਤੇ ਕਾਂਗੜਾ ਵਿੱਚ ਹੋਈਆਂ ਦੁਰਘਟਨਾਵਾਂ ਦੇ ਸ਼ਿਕਾਰਾਂ, ਜਲ੍ਹਿਆਂਵਾਲਾ ਬਾਗ਼ ਸ਼ਹੀਦਾਂ ਅਤੇ ਪੂਰਵ ਮੰਤਰੀ ਲਾਲ ਸਿੰਘ ਨੂੰ ਯਾਦ ਕੀਤਾ ਗਿਆ। ਇਸ ਤੋਂ ਬਾਅਦ ਸੈਸ਼ਨ ਨੂੰ ਥੋੜ੍ਹੀ ਦੇਰ ਲਈ ਮੁਲਤਵੀ ਕਰ ਦਿੱਤਾ ਗਿਆ।

ਦੁਬਾਰਾ ਸੈਸ਼ਨ ਸ਼ੁਰੂ ਹੋਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਬਿੱਲ ਪੇਸ਼ ਕੀਤਾ। ਇਸ ਤੋਂ ਪਹਿਲਾਂ ਗੁਰਬਾਣੀ ਦਾ ਕੀਰਤਨ ਗਾਇਆ ਗਿਆ ਅਤੇ ਵਾਤਾਵਰਣ ਆਧਿਆਤਮਿਕ ਬਣ ਗਿਆ। ਸਿੱਖ ਧਰਮ ਦੇ ਵੱਡੇ ਆਗੂ ਵੀ ਹਾਜ਼ਰ ਸਨ। ਬਿੱਲ ਵਿੱਚ ਬੇਅਦਬੀ ਨੂੰ ਰੋਕਣ ਲਈ ਸਖ਼ਤ ਪ੍ਰਬੰਧ ਕੀਤੇ ਗਏ ਹਨ। ਮੰਤਰੀ ਹਰਜੋਤ ਸਿੰਘ ਬੈਂਸ ਨੇ ਬਹਿਸ ਸ਼ੁਰੂ ਕੀਤੀ ਅਤੇ ਕਿਹਾ ਕਿ ਬੇਅਦਬੀ ਪੰਜਾਬ ਦੀ ਅਮਨ-ਸ਼ਾਂਤੀ ਲਈ ਵੱਡਾ ਖ਼ਤਰਾ ਹੈ।

ਚੋਣ ਕਮੇਟੀ ਦੇ ਚੇਅਰਮੈਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਵੀ ਬਿੱਲ ਬਾਰੇ ਗੱਲ ਕੀਤੀ ਪਰ ਉਨ੍ਹਾਂ ਰਿਪੋਰਟ ਬਾਰੇ ਕੁਝ ਨਾ ਦੱਸਿਆ। ਵਿਰੋਧੀ ਧਿਰ ਵੱਲੋਂ ਲਗਾਤਾਰ ਰਿਪੋਰਟ ਟੇਬਲ ਕਰਨ ਦੀ ਮੰਗ ਕੀਤੀ ਗਈ। ਬਹਿਸ ਦੌਰਾਨ ਕਈ ਵਿਧਾਇਕਾਂ ਨੇ ਆਪਣੀ ਰਾਏ ਰੱਖੀ। ਉਨ੍ਹਾਂ ਵਿਧਾਇਕਾਂ ਨੂੰ ਤਰਜੀਹ ਦਿੱਤੀ ਗਈ ਜਿਨ੍ਹਾਂ ਦੀਆਂ ਸੀਟਾਂ ਤਖ਼ਤਾਂ ਨਾਲ ਜੁੜੀਆਂ ਹਨ।

ਬਹਿਸ ਵਿੱਚ ਤਿੱਖੀ ਬਹਿਸ ਵੀ ਹੋਈ। ਬਾਜਵਾ ਨੇ ਕਿਹਾ ਕਿ ਬਿੱਲ ਰਾਜਨੀਤੀ ਲਈ ਲਿਆਂਦਾ ਗਿਆ ਹੈ ਨਾ ਕਿ ਨਿਆਂ ਲਈ। ਉਨ੍ਹਾਂ ਪੰਜ ਬੇਅਦਬੀ ਅਤੇ ਫਾਇਰਿੰਗ ਮਾਮਲਿਆਂ ਬਾਰੇ ਗੱਲ ਕੀਤੀ ਜੋ ਪੰਜਾਬ ਤੋਂ ਬਾਹਰ ਤਬਦੀਲ ਕੀਤੇ ਗਏ। ਇਸ ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਾਜਵਾ ਵਿਚਕਾਰ ਤਿੱਖੀ ਬਹਿਸ ਹੋਈ। ਫਾਈਨੈਂਸ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਕੋਦਰ ਘਟਨਾ ਦੀ ਰਿਪੋਰਟ ਵਿੱਚ ਇੱਕ ਪੰਨਾ ਗੁੰਮ ਹੋਣ ਦਾ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਇਹ ਪਿਛਲੀਆਂ ਸਰਕਾਰਾਂ ਵੇਲੇ ਵੀ ਨਜ਼ਰ ਅੰਦਾਜ਼ ਰਿਹਾ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖੈਰਾ ਨੇ ਡੇਰਾ ਸਿਰਸਾ ਮੁਖੀ ਬਾਰੇ ਸਵਾਲ ਉਠਾਇਆ ਕਿ



ਉਸ ਨੂੰ ਤਿੰਨ ਤਿਹਾਈ ਸਾਲ ਵਿੱਚ ਕਿਉਂ ਨਹੀਂ ਪੁੱਛਗਿੱਛ ਕੀਤੀ ਗਈ। ਪ੍ਰਗਟ ਸਿੰਘ ਨੇ ਮੋਰਿੰਡਾ ਬਲਾਸਟ ਮਾਮਲੇ ਵਿੱਚ ਮੁਕੱਦਮੇ ਲਈ ਇਜਾਜ਼ਤ ਦੇਣ ਵਿੱਚ ਦੇਰੀ ਬਾਰੇ ਚਰਚਾ ਕੀਤੀ। ਇਸ ਤੋਂ ਇਲਾਵਾ ਰਾਣਾ ਇੰਦਰ ਪ੍ਰਤਾਪ ਸਿੰਘ ਨਾਲ ਵੀ ਰਿਪੋਰਟ ਬਾਰੇ ਬਹਿਸ ਹੋਈ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਭਾਸ਼ਣ ਵਿੱਚ ਗੰਭੀਰਤਾ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਹ ਰਾਜਨੀਤੀ ਤੋਂ ਉਪਰ ਦਾ ਮੁੱਦਾ ਹੈ ਅਤੇ ਲੋਕਾਂ ਦੀ ਆਸਥਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਵਿਰੋਧੀ ਧਿਰ ਤੇ ਇਲਜ਼ਾਮ ਲਾਇਆ ਕਿ ਉਹ ਧਰਮ ਦਾ ਰਾਜਨੀਤੀ ਲਈ ਇਸਤੇਮਾਲ ਕਰਦੇ ਹਨ। ਉਨ੍ਹਾਂ ਕਿਹਾ, "ਪਿਛਲੀਆਂ ਪਾਰਟੀਆਂ ਨੇ ਗੁਰੂ ਗੁਟਕਾ ਸਾਹਿਬ ਅਤੇ ਅਕਾਲ ਤਖ਼ਤ ਤੇ ਹਲਫ ਲਏ ਪਰ ਵਾਅਦੇ ਪੂਰੇ ਨਾ ਕੀਤੇ। ਲੋਕਾਂ ਨੂੰ ਧੋਖਾ ਦਿੱਤਾ ਗਿਆ। ਧਰਮ ਦੇ ਨਾਂ ਤੇ ਸਿਆਸੀ ਰੋਟੀਆਂ ਹੀ ਖਾਧੀਆਂ ਗਈਆਂ।"

ਬਿੱਲ ਪਾਸ ਹੋਣ ਤੋਂ ਬਾਅਦ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਬਿੱਲ ਨੂੰ ਬਹੁਤ ਬਾਰੀਕੀ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ, "ਅਸੀਂ ਕੋਈ ਚੋਰ ਮੋਰੀ ਨਹੀਂ ਛੱਡੀ। ਇਹ ਕਾਨੂੰਨ ਇੰਨਾ ਮਜ਼ਬੂਤ ਹੈ ਕਿ ਭਵਿੱਖ ਵਿੱਚ ਪੰਜਾਬ ਵਿੱਚ ਕਿਸੇ ਨਵੀਂ ਬੇਅਦਬੀ ਰੋਕੂ ਬਿੱਲ ਦੀ ਲੋੜ ਨਹੀਂ ਪਵੇਗੀ।" ਇਸ ਤੋਂ ਇਲਾਵਾ ਚੋਣ ਕਮੇਟੀ ਨੂੰ ਛੇ ਮਹੀਨੇ ਹੋਰ ਵਧਾਉਣ ਦਾ ਫੈਸਲਾ ਵੀ ਲਿਆ ਗਿਆ ਤਾਂ ਜੋ ਉਹ ਰਿਪੋਰਟ ਤਿਆਰ ਕਰ ਸਕੇ।ਬਿੱਲ ਪਾਸ ਹੋਣ ਤੋਂ ਬਾਅਦ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਬਿੱਲ ਨੂੰ ਬਹੁਤ ਬਾਰੀਕੀ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ, "ਅਸੀਂ ਕੋਈ ਚੋਰ ਮੋਰੀ ਨਹੀਂ ਛੱਡੀ। ਇਹ ਕਾਨੂੰਨ ਇੰਨਾ ਮਜ਼ਬੂਤ ਹੈ ਕਿ ਭਵਿੱਖ ਵਿੱਚ ਪੰਜਾਬ ਵਿੱਚ ਕਿਸੇ ਨਵੀਂ ਬੇਅਦਬੀ ਰੋਕੂ ਬਿੱਲ ਦੀ ਲੋੜ ਨਹੀਂ ਪਵੇਗੀ।" ਇਸ ਤੋਂ ਇਲਾਵਾ ਚੋਣ ਕਮੇਟੀ ਨੂੰ ਛੇ ਮਹੀਨੇ ਹੋਰ ਵਧਾਉਣ ਦਾ ਫੈਸਲਾ ਵੀ ਲਿਆ ਗਿਆ ਤਾਂ ਜੋ ਉਹ ਰਿਪੋਰਟ ਤਿਆਰ ਕਰ ਸਕੇ।

ਇਸ ਸੈਸ਼ਨ ਵਿੱਚ ਕੋਈ ਵਾਕਆਊਟ ਨਹੀਂ ਹੋਇਆ ਪਰ ਬਹਿਸ ਤਿੱਖੀ ਜ਼ਰੂਰ ਰਹੀ। ਵਿਰੋਧੀ ਧਿਰ ਨੇ ਸਰਕਾਰ ਤੇ ਦੇਰੀਆਂ ਅਤੇ ਰਾਜਨੀਤੀ ਵਾਲੀਆਂ ਗੱਲਾਂ ਉਠਾਈਆਂ ਜਦਕਿ ਸਰਕਾਰ ਨੇ ਆਪਣੇ ਤਰਕ ਦਿੱਤੇ ਕਿ ਉਹ ਬੇਅਦਬੀ ਵਾਲੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰ ਰਹੀ ਹੈ ਅਤੇ ਚਾਰਜਸ਼ੀਟ ਭਰ ਰਹੀ ਹੈ।


**Cee7News** ਅਮਰੀਕਾ ਨੇ ਇਰਾਨੀ ਬੰਦਰਗਾਹਾਂ ਵੱਲ ਆਉਣ ਵਾਲੀਆਂ ਅਤੇ ਉੱਥੋਂ ਜਾਣ ਵਾਲੀਆਂ ਸਾਰੀਆਂ ਜਹਾਜ਼ਾਂ ਉੱਤੇ ਪੂਰੀ ਤਰ੍ਹਾਂ ਨਾਕਾਬੰਦੀ

# ਅਮਰੀਕੀ ਨਾਕਾਬੰਦੀ ਵਿਰੋਧ ਵਿੱਚ ਇਰਾਨ ਦੀ ਧਮਕੀ

ਅਮਰੀਕਾ ਨੇ ਇਰਾਨੀ ਬੰਦਰਗਾਹਾਂ ਵੱਲ ਆਉਣ ਵਾਲੀਆਂ ਅਤੇ ਉੱਥੋਂ ਜਾਣ ਵਾਲੀਆਂ ਸਾਰੀਆਂ ਜਹਾਜ਼ਾਂ ਉੱਤੇ ਪੂਰੀ ਤਰ੍ਹਾਂ ਨਾਕਾਬੰਦੀ ਲਾਉਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਇਰਾਨ ਨਾਲ ਚੱਲ ਰਹੀਆਂ ਗੱਲਬਾਤਾਂ ਦੇ ਅਸਫਲ ਹੋਣ ਤੋਂ ਬਾਅਦ ਲਿਆ ਗਿਆ ਹੈ। ਯੂਐੱਸ ਸੈਂਟਰਲ ਕਮਾਂਡ (CENTCOM) ਨੇ ਐਲਾਨ ਕੀਤਾ ਕਿ ਇਹ ਨਾਕਾਬੰਦੀ ਅਮਰੀਕੀ ਰਾਸ਼ਟਰਪਤੀ ਦੇ ਹੁਕਮ ਅਨੁਸਾਰ 13 ਅਪ੍ਰੈਲ ਨੂੰ ਸਵੇਰੇ 10 ਵਜੇ (ਅਮਰੀਕੀ ਸਮੇਂ) ਤੋਂ ਲਾਗੂ ਹੋ ਜਾਵੇਗੀ, ਜੋ ਭਾਰਤੀ ਸਮੇਂ ਅਨੁਸਾਰ ਲਗਭਗ ਸ਼ਾਮ 7:30 ਵਜੇ ਤੋਂ ਸ਼ੁਰੂ ਹੋਵੇਗੀ। ਇਸ ਨਾਕਾਬੰਦੀ ਤਹਿਤ ਇਰਾਨੀ ਬੰਦਰਗਾਹਾਂ ਅਤੇ ਉਨ੍ਹਾਂ ਦੇ ਆਸ-ਪਾਸ ਦੇ ਖੇਤਰਾਂ ਵਿੱਚ ਆਉਣ-ਜਾਣ ਵਾਲੀਆਂ ਸਾਰੀਆਂ ਜਹਾਜ਼ਾਂ ਉੱਤੇ ਰੋਕ ਲਗਾਈ ਜਾਵੇਗੀ, ਭਾਵੇਂ ਉਹ ਕਿਸੇ ਵੀ ਦੇਸ਼ ਦੀਆਂ ਹੋਣ।

ਇਸ ਨਾਕਾਬੰਦੀ ਦਾ ਮੁੱਖ ਉਦੇਸ਼ ਇਰਾਨ ਦੀ ਤੇਲ ਅਤੇ ਗੈਸ ਨਿਰਯਾਤ ਉੱਤੇ ਰੋਕ ਲਗਾਉਣਾ ਹੈ, ਕਿਉਂਕਿ ਇਰਾਨ ਆਪਣੀ ਆਰਥਿਕਤਾ ਲਈ ਇਨ੍ਹਾਂ ਤੇਲ ਐਕਸਪੋਰਟ ਤੋਂ ਵੱਡੀ ਆਮਦਨ ਪ੍ਰਾਪਤ ਕਰਦਾ ਹੈ। ਰੋਜ਼ਾਨਾ ਲਗਭਗ 20 ਲੱਖ ਬੈਰਲ ਤੇਲ ਇਸ ਰਾਹੀਂ ਵਿਸ਼ਵ ਬਾਜ਼ਾਰ ਵਿੱਚ ਪਹੁੰਚਦਾ ਹੈ। ਅਮਰੀਕਾ ਇਸ ਰਾਹੀਂ ਇਰਾਨ ਉੱਤੇ ਆਰਥਿਕ ਦਬਾਅ ਪਾਉਣਾ ਚਾਹੁੰਦਾ ਹੈ ਤਾਂ ਜੋ ਉਹ ਆਪਣੀ ਨਿਊਕਲੀਅਰ ਪ੍ਰੋਗਰਾਮ ਅਤੇ ਯੁੱਧ ਵਾਲੀਆਂ ਗਤੀਵਿਧੀਆਂ ਤੋਂ ਪਿੱਛੇ ਹਟੇ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਲੋਰੀਡਾ ਤੋਂ ਵਾਪਸ ਵਾਸ਼ਿੰਗਟਨ ਆਉਂਦਿਆਂ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਇਰਾਨੀ ਅਧਿਕਾਰੀ ਗੱਲਬਾਤ ਲਈ ਵਾਪਸ ਆਉਂਦੇ ਹਨ ਜਾਂ ਨਹੀਂ। ਉਨ੍ਹਾਂ ਕਿਹਾ, "ਜੇਕਰ ਉਹ ਵਾਪਸ ਨਾ ਵੀ ਆਉਣ ਤਾਂ ਵੀ ਮੈਨੂੰ ਕੋਈ ਮੁਸ਼ਕਲ ਨਹੀਂ।"


ਹਾਰਮੁਜ਼ ਦੀ ਖਾੜੀ ਵਿੱਚ ਇਹ ਨਾਕਾਬੰਦੀ ਲਾਗੂ ਹੋਣ ਤੋਂ ਬਾਅਦ ਵੀ ਅਮਰੀਕਾ ਨੇ ਸਾਫ਼ ਕੀਤਾ ਹੈ ਕਿ ਇਰਾਨ ਤੋਂ ਇਲਾਵਾ ਹੋਰ ਦੇਸ਼ਾਂ ਵਿਚਾਲੇ ਆਵਾਜਾਈ ਵਾਲੀਆਂ ਜਹਾਜ਼ਾਂ ਉੱਤੇ ਕੋਈ ਰੋਕ ਨਹੀਂ ਲਗਾਈ ਜਾਵੇਗੀ। ਸਾਊਦੀ ਅਰਬ, ਬਹਿਰੀਨ, ਕਤਰ, ਯੂਏਈ, ਕੁਵੈਤ ਅਤੇ ਇਰਾਕ ਵੱਲ ਜਾਣ ਵਾਲੀਆਂ ਜਹਾਜ਼ਾਂ ਨੂੰ ਆਜ਼ਾਦੀ ਨਾਲ ਗੁਜ਼ਰਨ ਦਿੱਤਾ ਜਾਵੇਗਾ। ਨਾਵਿਕਾਂ ਨੂੰ ਨਾਕਾਬੰਦੀ ਤੋਂ ਪਹਿਲਾਂ ਅਧਿਕਾਰਤ ਨੋਟਿਸ ਲੈਣਾ ਲਾਜ਼ਮੀ ਹੈ ਅਤੇ ਉਨ੍ਹਾਂ ਨੂੰ ਚੈਨਲ 16 ਰਾਹੀਂ ਅਮਰੀਕੀ ਨਾਵਿਕ ਬਲਾਂ ਨਾਲ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ।ਇਸ ਐਲਾਨ ਤੋਂ ਬਾਅਦ ਇਰਾਨ ਨੇ ਤੀਖੀ ਪ੍ਰਤੀਕਿਰਿਆ ਦਿੱਤੀ ਹੈ। ਇਰਾਨੀ ਫ਼ੌਜ ਅਤੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕਾਰਪਸ (IRGC) ਨੇ ਧਮਕੀ ਦਿੱਤੀ ਹੈ ਕਿ ਅਮਰੀਕੀ ਨਾਕਾਬੰਦੀ ਵਿਰੋਧ ਵਿੱਚ ਖਾੜੀ ਦੇ ਮੁੱਖ ਬੰਦਰਗਾਹਾਂ ਉੱਤੇ ਹਮਲੇ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਹੈ ਕਿ ਖਾੜੀ ਦਾ ਕੋਈ ਵੀ ਬੰਦਰਗਾਹ ਸੁਰੱਖਿਅਤ ਨਹੀਂ ਰਹੇਗਾ। ਇਸ ਤੋਂ ਪਹਿਲਾਂ ਇਰਾਨ ਨੇ ਪਾਕਿਸਤਾਨੀ ਜਹਾਜ਼ਾਂ ਨੂੰ ਰੋਕਿਆ ਸੀ ਪਰ ਬਾਅਦ ਵਿੱਚ ਉਨ੍ਹਾਂ ਨੂੰ ਆਗਿਆ ਦੇ ਦਿੱਤੀ ਗਈ। ਪਾਕਿਸਤਾਨ ਨੈਸ਼ਨਲ ਸ਼ਿਪਿੰਗ ਕਾਰਪੋਰੇਸ਼ਨ ਦੇ ਦੋ ਜਹਾਜ਼ "ਸ਼ਾਲੀਮਾਰ" ਅਤੇ "ਖੈਰਪੁਰ" ਐਤਵਾਰ ਨੂੰ ਰੋਕੇ ਗਏ ਸਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਕੁਵੈਤ ਅਤੇ ਯੂਏਈ ਵੱਲ ਜਾਣ ਦੀ ਇਜਾਜ਼ਤ ਮਿਲ ਗਈ। ਇਹ ਯੁੱਧ ਸ਼ੁਰੂ ਹੋਣ ਤੋਂ ਬਾਅਦ ਪਾਕਿਸਤਾਨੀ ਜਹਾਜ਼ਾਂ ਦੀ ਖਾੜੀ ਵਿੱਚ ਪਹਿਲੀ ਐਂਟਰੀ ਸੀ। ਇਸ ਨਾਕਾਬੰਦੀ ਕਾਰਨ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਏਸ਼ੀਆਈ ਬਾਜ਼ਾਰਾਂ ਵਿੱਚ ਘਾਟਾ ਦਰਜ ਕੀਤਾ ਗਿਆ ਹੈ।ਇਹ ਘਟਨਾਵਾਂ ਇੱਕ ਵੱਡੇ ਯੁੱਧ ਦੇ ਵਿਚਕਾਰ ਵਾਪਰ ਰਹੀਆਂ ਹਨ ਜਿਸ ਵਿੱਚ ਅਮਰੀਕਾ, ਇਰਾਨ ਅਤੇ ਇਜ਼ਰਾਈਲ ਸ਼ਾਮਲ ਹਨ। ਪਾਕਿਸਤਾਨ ਵਿੱਚ ਹੋਈਆਂ ਲੰਬੀਆਂ ਗੱਲਬਾਤਾਂ ਫੇਲ੍ਹ ਹੋ ਗਈਆਂ ਸਨ, ਜਿਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਇਰਾਨ ਨੇ ਆਪਣੀਆਂ ਨਿਊਕਲੀਅਰ ਗਤੀਵਿਧੀਆਂ ਉੱਤੇ ਅਮਰੀਕਾ ਅਤੇ ਇਜ਼ਰਾਈਲ ਦੇ ਵਿਰੋਧ ਤੋਂ ਇਨਕਾਰ ਕੀਤਾ ਹੈ ਅਤੇ ਆਪਣੀ ਸੁਰੱਖਿਆ ਲਈ ਤਿਆਰ ਰਹਿਣ ਦਾ ਐਲਾਨ ਕੀਤਾ ਹੈ।



ਅਮਰੀਕੀ ਰਾਸ਼ਟਰਪਤੀ ਟਰੰਪ ਨੇ ਟ੍ਰੂਥ ਸੋਸ਼ਲ ਉੱਤੇ ਲਿਖਿਆ ਕਿ ਅਮਰੀਕੀ ਨੇਵੀ, ਜੋ ਦੁਨੀਆਂ ਦੀ ਸਭ ਤੋਂ ਵਧੀਆ ਹੈ, ਹਾਰਮੁਜ਼ ਖਾੜੀ ਵਿੱਚ ਆਉਣ-ਜਾਣ ਵਾਲੀਆਂ ਜਹਾਜ਼ਾਂ ਉੱਤੇ ਤੁਰੰਤ ਰੋਕ ਲਗਾਏਗੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਰਾਨ ਵੱਲੋਂ ਕੋਈ ਹਮਲਾ ਹੋਇਆ ਤਾਂ ਉਸ ਨੂੰ ਭਿਆਨਕ ਨਤੀਜਾ ਭੁਗਤਣਾ ਪਵੇਗਾ। ਇਸ ਤੋਂ ਇਲਾਵਾ ਅਮਰੀਕਾ ਨੇ ਖਾੜੀ ਵਿੱਚ ਆਪਣੀਆਂ ਫ਼ੌਜੀ ਤਾਕਤਾਂ ਵਧਾ ਦਿੱਤੀਆਂ ਹਨ ਅਤੇ ਖਾਣ ਖੋਜਣ ਵਾਲੀਆਂ ਗਤੀਵਿਧੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ।

ਦੁਨੀਆ ਭਰ ਦੇ ਨੇਤਾਵਾਂ ਨੇ ਇਸ ਘਟਨਾ ਉੱਤੇ ਚਿੰਤਾ ਪ੍ਰਗਟ ਕੀਤੀ ਹੈ। ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡਰ ਲਾਇਨ ਨੇ ਕਿਹਾ ਕਿ ਹਾਰਮੁਜ਼ ਖਾੜੀ ਵਿੱਚ ਆਵਾਜਾਈ ਦੀ ਆਜ਼ਾਦੀ ਬਹੁਤ ਮਹੱਤਵਪੂਰਨ ਹੈ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਇਸ ਨਾਕਾਬੰਦੀ ਦਾ ਸਮਰਥਨ ਨਹੀਂ ਕਰਦਾ ਅਤੇ ਯੁੱਧ ਵਿੱਚ ਘਸਿਟਿਆ ਨਹੀਂ ਜਾਣਾ ਚਾਹੁੰਦਾ। ਇਸ ਨਾਲ ਵਿਸ਼ਵ ਆਰਥਿਕਤਾ ਉੱਤੇ ਵੀ ਅਸਰ ਪੈ ਰਿਹਾ ਹੈ ਕਿਉਂਕਿ ਤੇਲ ਦੀਆਂ ਕੀਮਤਾਂ ਵਧਣ ਨਾਲ ਮਹਿੰਗਾਈ ਵਧ ਸਕਦੀ ਹੈ। ਇਰਾਨ ਵੱਲੋਂ ਧਮਕੀਆਂ ਦੇ ਬਾਵਜੂਦ ਅਮਰੀਕਾ ਆਪਣੀ ਸਥਿਤੀ ਉੱਤੇ ਅਡੋਲ ਹੈ। ਇਹ ਨਾਕਾਬੰਦੀ ਯੁੱਧ ਨੂੰ ਆਰਥਿਕ ਰੂਪ ਵਿੱਚ ਵਧਾਉਣ ਵਾਲੀ ਇੱਕ ਵੱਡੀ ਚਾਲ ਹੈ। ਇਸ ਨਾਲ ਇਰਾਨ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਉਸ ਨੂੰ ਗੱਲਬਾਤ ਲਈ ਮਜਬੂਰ ਕੀਤਾ ਜਾ ਸਕਦਾ ਹੈ। ਪਰ ਇਸ ਦੇ ਨਾਲ ਹੀ ਖਾੜੀ ਖੇਤਰ ਵਿੱਚ ਤਣਾਅ ਵਧਿਆ ਹੈ ਅਤੇ ਕੋਈ ਵੀ ਛੋਟੀ ਘਟਨਾ ਵੱਡੇ ਯੁੱਧ ਵਿੱਚ ਬਦਲ ਸਕਦੀ ਹੈ।

## ਸ਼ਹੀਦ ਊਦਮ ਸਿੰਘ




1919 ਨੂੰ ਜੱਲਿਆਂ ਵਾਲੇ ਬਾਗ ਵਿੱਚ,
ਇਕੱਠਾ ਹੋਇਆ ਸਾਰਾ ਸ਼ਹਿਰ ਸੀ।

ਅਜਾਦੀ ਹੈ ਸਾਨੂੰ ਜਾਨ ਤੋਂ ਪਿਆਰੀ,
ਅਜਾਦੀ ਦੀ ਦੇਸ਼ ਵਿੱਚ ਚਲਦੀ ਲਹਿਰ ਸੀ।

ਨਿਹੱਥੇ,ਸ਼ਾਂਤਮਈ ਲੋਕੀ ਵਿਰੋਧ ਕਰਦੇ,
ਅੰਗਰੇਜ਼ਾਂ ਨੇ ਕਰ ਦਿੱਤਾ ਕਹਿਰ ਸੀ।

ਲੋਕ ਦਾਣਿਆਂ ਦੇ ਵਾਂਗ ਭੁੰਨ ਦਿੱਤੇ,
ਹੁਕਮ ਦਿੱਤਾ ਜਰਨਲ ਉਡਵਾਇਰ ਸੀ।

ਮਾਰ ਦਿੱਤੇ ਬੱਚੇ ਬੁੱਢੇ ਗੱਭਰੂ ਤੇ ਮੁਟਿਆਰਾਂ,
ਮੀਂਹ ਦੇ ਵਾਂਗ ਵਰਦੇ ਬੰਦੂਕਾਂ ਦੇ ਫਾਇਰ ਸੀ।

ਲੋਕਾਂ ਨੂੰ ਕੀੜੇ ਮਕੌੜਿਆਂ ਵਾਂਗ ਮਾਰਿਆ,
ਨਫਰਤ ਦਾ ਭਰਿਆ ਉਸ ਵਿੱਚ ਜ਼ਹਿਰ ਸੀ।

ਕਈਆਂ ਦੀਆਂ ਛਾਤੀਆਂ ਛੱਲਣੀ ਹੋਈਆਂ,
ਲੱਤਾਂ ਬਾਹਵਾਂ ਤੇ ਉੱਡੀਆਂ,ਉੱਡ ਗਏ ਪੈਰ ਸੀ।

ਬਾਗ ਦੀ ਧਰਤੀ ਖੂਨ ਨਾਲ ਲੱਥ-ਪੱਥ ਹੋਈ,
ਚਾਰੇ ਪਾਸੇ ਖੂਨ ਦੀ ਚੱਲ ਪਈ ਨਹਿਰ ਸੀ।

ਗ਼ਦਾਰ ਸੀਂ ਗੋਰਿਆਂ ਨੂੰ ਆਪਣੇ ਲੱਗਦੇ,
ਅਜ਼ਾਦੀ ਘੁਲਾਟੀਏ ਲੱਗਦੇ ਗੈਰ ਸੀ।

ਦਰਬਾਰ ਸਹਿਬ ਦੇ ਪੁਜਾਰੀਆਂ ਸਿਰੋਪਾ ਦਿੱਤਾ,
ਮਜੀਠੇ ਵਾਲੇ ਸਰਦਾਰਾਂ ਦੇ ਘਰ ਗਿਆ ਠਹਿਰ ਸੀ।

ਖਾਰੇ ਵਾਲਿਆਂ,

ਊਧਮ ਸਿੰਘ ਸੂਰਮੇ ਦੇ ਡੌਲੇ ਫਰਕੇ,
ਲੰਡਨ ਵਿੱਚ ਜਾ ਕੇ ਕੱਢਿਆ ਵੈਰ ਸੀ।

ਉਸ ਦੇ ਬੁੱਤ ਦੇ ਹੱਥ ਵਿੱਚ ਪਿਸਤੌਲ ਸੀ ਚਾਹੀਦਾ,
ਵੇਖ ਕੇ ਤੜਫਿਆ ਸੁਖਵਿੰਦਰ ਸ਼ਾਇਰ ਸੀ।

107ਸਾਲ ਪਹਿਲਾ ਜੱਲਿਆ ਵਾਲੇ ਬਾਗ ਵਿੱਚ,
ਹੋਇਆ ਖੂਨੀ ਸਾਕਾ,ਹੋਇਆ ਕਹਿਰ ਸੀ।

## ਕਹਿੰਦਾ ਦੱਸ ਕਿੱਦਾਂ ਨਿੱਤ ਮੇਰੇ ਬਾਰੇ ਲਿਖ ਲੈਂਦੀ?



ਕਹਿੰਦਾ ਦੱਸ ਕਿੱਦਾਂ ਨਿੱਤ ਮੇਰੇ ਬਾਰੇ ਲਿਖ ਲੈਂਦੀ?
ਮੈਂ ਕਿਹਾ ਆਪਣੀ ਮੁਹੱਬਤ ਨੂੰ ਲਫ਼ਜ਼ਾਂ ਚ ਪ੍ਰੋ ਲੈਂਦੀ,

ਕਹਿੰਦਾ, ਕਿੱਦਾਂ ਸਾਰਾ ਦਿਨ ਕਿਵੇ ਅਹਿਸਾਸ ਨੂੰ ਪੜਦੀ?
ਮੈਂ ਕਿਹਾ ਹਰ ਪਲ ਨੂੰ ਪ੍ਰੀਤ ਕਰ ਕਲਮ ਨਾਲ ਘੜਦੀ,

ਕਹਿੰਦਾ ਕਿੰਝ ਦਿਲ ਦੀ ਡੂਘਾਈ ਸ਼ਬਦਾਂ 'ਚ ਜੜੀ ਜਾਂਦੀ?
ਮੈ ਕਿਹਾ ਰੂਹ ਚ ਵਾਸ ਏ , ਹਰ ਸਾਹ ਨਾਲ ਨਾਮ ਤੇਰਾ ਪੜ ਜਾਂਦੀ,

ਕਹਿੰਦਾ ਕਦੇ ਆਪਣੇ ਬਾਰੇ ਵੀ ਤਾਂ ਜ਼ਿਕਰ ਕਰਿਆ ਕਰ,
ਮੈਂ ਕਿਹਾ ਤੂੰ ਬਸ ਮੇਰੇ ਨਾਲ ਐਵੇਂ ਨਾ ਲੜਿਆ. ਕਰ,

ਕਹਿੰਦਾ ਇਹ ਰੋਸੇ ਗਿਲੇ ਜ਼ਿੰਦਗੀ ਦਾ ਦਸਤੂਰ ਏ,
ਮੈਂ ਕਿਹਾ ਮੇਰੇ ਚਿਹਰੇ ਤੇ ਬਸ ਤੇਰੇ ਮੋਹ ਦਾ ਨੂਰ ਏ,

ਕਹਿੰਦਾ ਤੂੰ ਤਾਂ ਮੇਰੀ ਜਨਮਾਂ ਜਨਮਾਂ ਦੀ ਹਾਣੀ ਏ,
ਮੈਂ ਕਿਹਾ ਰਾਣੂ ਬਿਨ ਤੇਰੇ ਇਹ ਜ਼ਿੰਦ ਮੁੱਕ ਜਾਣੀ ਏ...॥

ਗੁਰਜੀਤ ਕੌਰ ਰਾਣੂ.

## " ਵੇਖ ਵੇਖ ਕੇ ਸਮਝ " (ਰਣਜੀਤ ਕੌਰ ਗੁੱਡੀ ਤਰਨ ਤਾਰਨ)



" ਵੇਖ ਵੇਖ ਕੇ ਸਮਝ "
ਵੇਖ ਵੀਰ ਵੇਖ ਜਰਾ ਵੇਖ ਕੇ ਚਲੋ
ਵੇਖ ਭੈਣ ਵੇਖ ਜਰਾ ਵੇਖ ਕੇ ਚਲੋ-
ਇਧ੍ਰ ਹੀ ਨਹੀਂ ਓਦਰ ਵੀ
ਅੱਗੇ ਹੀ ਨਹੀਂ ਪਿਛੈ ਵੀ-
ਸਿੱਧੇ ਹੀ ਨਹੀਂ ਪੁੱਠੇ ਵੀ-
ਸੱਜੇ ਹੀ ਨਹੀਂ ਖੱਬੇ ਵੀ-
ਉਪਰ ਹੀ ਨਹੀਂ ਹੇਠ ਵੀ-
ਵੇਖ ਵੀਰ ਭੈਣ ਜਰਾ ਵੇਖ ਕੇ ਚਲੋ
ਨੇਤਾ ਜੋ ਚੁਣਿਆ ਓ ਨਿਕਲਿਆ ਗਦਾਰ ਹੈ
ਵੋਟ ਲੈ ਕੇ ਵੋਟਰ ਦੇ ਸੀਨੇ ਚ ਖੌਭਦਾ ਕਟਾਰ ਹੈ॥
ਚੋਰਾਂ ਨੂੰ ਹੀ ਚੁਣਿਆ ਆਪਾਂ ਪਹਿਰੇਦਾਰ ਹੈ
ਉਮੀਦਾਂ ਤੇ ਪਾਣੀ ਫੇਰੇ ਇਹ ਉਮੀਦਵਾਰ ਹੈ॥
ਨਿਯਮ ਟੰਗੇ ਛਿੱਕੇ,ਨਿਜ਼ਾਮ ਧੰਨਾ ਸ਼ਾਹੂਕਾਰ ਹੈ
ਤੀਹ ਦਾਿ ਤੰਨ ਸੌ ਲਿਖੇ ਆੜ੍ਹਤੀਆ ਸਰਕਾਰ ਹੈ।
ਜਨਤਾ ਦੀ ਕੌਲੀ ਵਿੱਚ ਨਾਂ ਦੋ ਦਾਣੇ ਦਾਲ ਹੈ-
ਨੇਤਾਵਾਂ ਦਾ ਭਰਿਆ ਸੋਨੇਚਾਂਦੀ ਦਾ ਥਾਲ ਹੈ॥
ਵੋਟਰ ਦੇ ਗਲ ਵਿੱਚ ਨਾਂ ਬੁਨੈਨ ਦਿਸਦੀ
ਨੇਤਾ ਦੇ ਗਲ ਹੀਰੇ ਪੰਨਿਆਂ ਦਾ ਹਾਰ ਹੈ=
ਪੜ੍ਹਿਆ ਅਨ੍ਹਪੜ੍ਹ ਹਰ ਦੂਜਾ ਬੰਦਾ ਬੇਰੁਜਗਾਰ ਹੈ
ਲੀਡਰ ਦੀ ਦਸਵੀਂ ਪੀੜ੍ਹੀ ਤੱਕ ਦੌਲਤ ਬੇਸ਼ੁਮਾਰ ਹੈ॥
ਵੇਖੋਂ ਤੇ ਫੇਰ ਹੁਣ ਸੋਚੋ ਵੀਰੋ ਭੈਣੋ ਅੱਗੇ ਕਰਨੀ ਵਿਚਾਰ ਹੈ-
ਦੀਨ ਇਮਾਨ ਮਰੇ ਤੇ ਬੇਈਮਾਨ ਨੇ ਪਾਈ ਮਾਰੋਮਾਰ ਹੈ।
ਸੋਚ ਕੇ ਪਾਇਓ ਤੁਹਾਡਾ ਬੇਸ਼ਕੀਮਤੀ ਵੋਟ ਹੈ-
ਇਕ ਇਕ ਵੋਟ ਦੇ ਤੁੱਲ ਅਰਬ ਖਰਬ ਦਾ ਨੋਟ ਹੈ॥
ਰਣਜੀਤ ਕੌਰ ਗੁੱਡੀ ਤਰਨ ਤਾਰਨ

## ਮੋਦੀ ਦੀ ਹਕੂਮਤ ਅਧੀਨ ਭਾਰਤੀ ਅਰਥਚਾਰੇ ਦੀ ਤਰਸਯੋਗ ਹਾਲਤ ਰਹੀ ਕਿਵੇਂ ? ਡਾ ਅਜੀਤਪਾਲ ਸਿੰਘ ਐਮ ਡੀ



2014 ਵਿੱਚ ਜਦੋਂ ਆਮ ਲੋਕ ਸਭਾ ਚੋਣਾਂ ਹੋਈਆਂ ਤਾਂ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ(ਐਨਡੀਏ) ਤਿੰਨ ਸੌ ਛੱਤੀ ਸੀਟਾਂ ਜਿੱਤ ਕੇ ਸੱਤਾ ਵਿੱਚ ਆਇਆ।ਉਦੋਂ ਰੁਜ਼ਗਾਰ ਦੀ ਬੇਹੱਦ ਘਾਟ ਸੀ,ਬਹੁਤ ਉੱਚੀ ਪੱਧਰ ਤੇ ਭ੍ਰਿਸ਼ਟਾਚਾਰ ਸੀ,ਸੜਕਾਂ ਪਾਣੀ ਅਤੇ ਬਿਜਲੀ ਦੀ ਮੰਦੀ ਹਾਲਤ ਸੀ।ਭੁੱਖਮਰੀ ਗਰੀਬੀ ਤੇ ਕੁਪੋਸ਼ਣ ਸਿਖਰ ਤੇ ਸੀ।ਇਨ੍ਹਾਂ ਮਸਲਿਆਂ ਦੇ ਹੱਲ ਨਾਲ ਜੁੜੇ ਨਾਹਰਿਆਂ ਅਧੀਨ ਮੋਦੀ ਨੇ ਕੁਰਸੀ ਸੰਭਾਲੀ। ਮੱਧ ਵਰਗੀ ਹੇਠਲੇ ਤਬਕੇ ਦੇ ਬਦਜ਼ਨ ਹੋਏ ਸ਼ਹਿਰੀ ਨੌਜਵਾਨਾਂ ਨੂੰ ਭਰਮਾਉਣ ਲਈ ਮੋਦੀ ਨੇ ਉੱਚੀ ਆਵਾਜ਼ ਵਿੱਚ ਨੌਕਰੀਆਂ ਦੇਣ ਅਤੇ ਪਿਛਲੀ ਸਰਕਾਰ ਦੇ ਭਰਿਸ਼ਟਚਾਰ ਦੇ ਘੁਪਲਿਆਂ ਨੂੰ ਨੱਥ ਪਾਉਣ ਦੇ ਵਾਅਦੇ ਕੀਤੇ।ਮੋਦੀ ਨੂੰ ਹਕੂਮਤ ਵਿੱਚ ਲਿਆਉਣ ਲਈ ਬਹੁ ਕੌਮੀ ਘਰਾਣਿਆਂ ਅਤੇ ਕਾਰਪੋਰੇਟ ਮੀਡੀਆ ਦਾ ਵੱਡਾ ਹੱਥ ਰਿਹਾ ਤਾਂ ਕਿ ਉਹ ਉਸਾਰੀ,ਖੁਦਾਈ,ਨਿਰਮਾਣ ਤੇ ਪਾਵਰ ਪਲਾਂਟਾਂ ਵਿੱਚ ਪਿਛਲੀ ਸਰਕਾਰ ਨਾਲ ਹੋਏ ਸਮਝੌਤਿਆਂ ਨੂੰ ਵੀ ਉਹ ਅੱਗੇ ਤੋਰ ਸਕਣ ਕਿਉਂਕਿ ਲੋਕਾਂ ਦੀ ਵਿਰੋਧਤਾ ਕਾਰਨ ਉਹ ਇਨ੍ਹਾਂ ਨੂੰ ਸਿਰੇ ਨਹੀਂ ਚਾੜ੍ਹ ਸਕੇ ਸਨ। ਕਾਰਪੋਰੇਟ ਖੇਤਰ ਨੂੰ ਮਨਮੋਹਨ ਸਿੰਘ ਤੋਂ ਕਿਤੇ ਵੱਧ ਅਜਿਹੇ ਬੇਲਕਿਰਕ ਵਿਅਕਤੀ ਦੀ ਲੋੜ ਸੀ ਜੋ ਕਾਰਪੋਰੇਟ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਵੱਡੀ ਪੱਧਰ ਤੇ ਲੋਕਾਂ ਦਾ ਉਜਾੜਾ ਅਤੇ ਖੂਨ ਖਰਾਬਾ ਕਰਦੇ ਹੋਇਆਂ ਉਨ੍ਹਾਂ ਦੇ ਵਿਰੋਧ ਨੂੰ ਕੁਚਲ ਸਕਦਾ ਤੇ ਕਾਰਪੋਰੇਟ ਦੀ ਨੰਗੀ ਚਿੱਟੀ ਲੁੱਟ ਘਸੁੱਟ ਲਈ ਰਾਹ ਪੱਧਰਾ ਕਰਦਾ। ਕਿਉਂਕਿ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਮੋਦੀ ਦਾ ਵਿਕਾਸ ਪੁਰਸ਼ ਤੇ ਇਮਾਨਦਾਰ ਵਿਅਕਤੀ ਦਾ ਨਕਸ਼ਾ ਪਹਿਲਾਂ ਬਣਿਆ ਹੋਇਆ ਸੀ ਇਸ ਕਰਕੇ ਕਾਰਪੋਰੇਟ ਘਰਾਣੇ ਨੇ ਮੋਦੀ ਨੂੰ ਹੋਰ ਵੱਧ ਸ਼ਿੰਗਾਰ ਕੇ ਪੇਸ਼ ਕਰਨ ਲਈ ਚੋਣਾਂ ਵਿੱਚ ਪੈਸਾ ਝੋਕ ਦਿੱਤਾ। ਇੱਕ ਪਾਸੇ ਤਾਂ ਮੋਦੀ ਦੀ ਧੱਕੜ ਸਖਸ਼ੀਅਤ ਅਤੇ ਦੂਜਾ ਭਾਰਤੀ ਜਨਤਾ ਪਾਰਟੀ ਦਾ ਹਿੰਦੂਤਵ ਰਾਹ ਗੈਰ ਜਮਹੂਰੀ,ਗੈਰ- ਕਾਨੂੰਨੀ ਤੇ ਦੁੱਖਦਾਈ ਆਰਥਿਕ ਪ੍ਰੋਗਰਾਮਾਂ ਨੂੰ ਲੋਕਾਂ ਦੇ ਗਲੇ ਵਿੱਚ ਉਤਾਰਨ ਲਈ ਸਹਾਇਕ ਸੀ।

2014 ਦੀਆ ਲੋਕ ਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨੂੰ 363 ਕਰੋੜ ਰੁਪਏ ਦਾ ਫੰਡ 2014 ਵਿੱਚ ਮਿਲ ਗਿਆ ਸੀ।ਇਸ ਫੰਡ ਦਾ 92 ਫੀਸਦੀ ਚੋਣਾਂ ਤੋਂ ਪਹਿਲਾਂ ਦੇਣ ਵਾਲੇ ਕਾਰਪੋਰੇਟ ਘਰਾਣਿਆਂ ਵਿੱਚ ਭਾਰਤੀ ਗਰੁੱਪ,ਸਟਰਲਾਈਟ ਇੰਡਸਟਰੀਜ਼, ਕੇਰਨ ਇੰਡੀਆ ਤੇ ਡੀ ਐਲ ਐਫ ਗਰੁੱਪ ਆਦਿ ਸ਼ਾਮਿਲ ਸਨ।ਬੀਜੇਪੀ ਨੂੰ ਅਜਿਹਾ ਕਾਰਪੋਰੇਟ ਫੰਡ ਦੇਣ ਦਾ ਰੁਝਾਣ ਲਗਾਤਾਰ ਜਾਰੀ ਰਿਹਾ। ਇਸ ਨੇ 2012-13 ਤੇ 2015-16 ਦਰਮਿਆਨ 705.81 ਕਰੋੜ ਅਤੇ 167.80 ਕਰੋੜ ਜਾਂ ਕਹਿ ਲਵੋ ਕਿ 2017-18 ਵਿੱਚ ਚੋਣ ਟਰੱਸਟਾ ਤੋਂ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਹਾਸਲ ਕੀਤੇ ਦਾਨ ਦਾ ਇਹ 86.59 ਫੀਸਦੀ ਸੀ। ਮੋਦੀ ਨੂੰ ਜਤਾਉਣ ਲਈ ਕਾਰਪੋਰੇਟ ਘਰਾਣਿਆਂ ਅਤੇ ਵਿਕਾਊ ਮੀਡੀਆ ਨੇ ਪੂਰਾ ਤਾਣ ਲਾਇਆ।

ਨਰਿੰਦਰ ਮੋਦੀ ਨੇ ਚੋਣ ਅਮਲ ਦੌਰਾਨ ਅਤੇ ਪਿੱਛੋਂ ਪ੍ਰਧਾਨ ਮੰਤਰੀ ਵਜੋਂ ਆਪਣੇ ਪੰਜ ਸਾਲਾਂ ਦੇ ਸਮੇਂ ਦੌਰਾਨ ਲੋਕਾਂ ਨਾਲ ਕਿੰਨੇ ਸਾਰੇ ਵਾਅਦੇ ਕੀਤੇ ਅਤੇ ਜੁਮਲੇ ਛੱਡੇ,ਜਿਵੇਂ ਕਿ-

-ਅੱਛੇ ਦਿਨ ਆਨੇ ਵਾਲੇ ਹੈ।
-ਨਾ ਖਾਊਂਗਾ ਨਾ ਖਾਣੇ ਦੂੰਗਾ।
-ਮੇਕ ਇਨ ਇੰਡੀਆ ।
-ਮਿਨੀਮਮ ਗਵਰਮੈਂਟ ਮੈਕਸੀਮਮ ਗਵਰਨਰਨੈਂਸ। -ਸਬਕਾ ਸਾਥ ਸਭਕਾ ਵਿਕਾਸ ਸਭ ਕਾ ਸਾਥ।
-ਸਵੱਛ ਭਾਰਤ।
-ਸਟੈਂਡ ਇੰਡੀਆ।
-ਸਟਾਰਟਅਪ ਇੰਡੀਆ।

ਆਓ ਆਪਾਂ ਹੁਣ ਉਕਤ ਵਾਅਦਿਆਂ ਅਤੇ ਜੁਮਲਿਆਂ ਦੀ ਰੌਸ਼ਨੀ ਵਿੱਚ ਮੋਦੀ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰੀਏ।

(1) ਅੱਛੇ ਦਿਨ ਆਨੇ ਵਾਲੇ ਹੈ-ਸਭ ਕਾ ਸਾਥ ਸਭ ਕਾ ਵਿਕਾਸ:-

ਇਨ੍ਹਾਂ ਦੋਨਾਂ ਜੁਮਲਿਆਂ ਦੇ ਪ੍ਰਸੰਗ ਵਿੱਚ ਦੋ ਵੱਡੇ ਧੱਕੇ ਮੋਦੀ ਨੇ ਲੋਕਾਂ ਨਾਲ ਕੀਤੇ,ਨੋਟਬੰਦੀ ਤੇ ਜੀ ਐੱਸ ਟੀ। ਨਿਰਮਾਣ ਖੇਤਰ ਸੁੰਗੜ ਗਿਆ ਹੈ,ਬਰਾਮਦ ਘੱਟ ਗਈ ਹੈ,ਸਨਅਤੀ ਪੈਦਾਵਾਰ ਵਿੱਚ ਤਰੱਕੀ ਮੱਠੀ ਪੈ ਗਈ ਹੈ ਅਤੇ ਖੇਤੀਬਾੜੀ ਖੜ੍ਹੋਤ ਚ ਆ ਰਹੀ ਹੈ। 2015-16 ਵਿੱਚ ਕਰੇਡਿਟ ਤਰੱਕੀ 5.3 ਰਹੀ ਜੋ ਪਿਛਲੇ ਸੱਠ ਸਾਲਾਂ ਦੀ ਸਭ ਤੋਂ ਹੇਠਲੀ ਪੱਧਰ ਹੈ। ਅੱਛੇ ਦਿਨ ਆਉਣ ਦਾ ਕੋਈ ਸੰਕੇਤ ਨਹੀਂ ਹੈ। ਜਿਹੜੀ ਸਰਕਾਰ ਨੇ ਹਰ ਸਾਲ ਦੋ ਕਰੋੜ ਨੌਕਰੀਆਂ(ਭਾਵ ਚਾਰ ਸਾਲਾ ਵਿੱਚ 8 ਕਰੋੜ ਨੌਕਰੀਆਂ) ਦੇਣ ਦਾ ਵਾਅਦਾ ਕੀਤਾ ਸੀ ਉਹ ਸਿਰਫ 18 ਲੱਖ ਨੌਕਰੀਆਂ ਹੀ ਪੈਦਾ ਕਰ ਸਕੀ। ਪ੍ਰਧਾਨ ਮੰਤਰੀ ਤਾਂ ਇੱਥੋਂ ਤੱਕ ਵੀ ਇੱਛਾ ਜਾਹਰ ਕਰਦਾ ਸੀ ਕਿ ਇਹ ਸੜਕ ਕਿਨਾਰੇ ਪਕੌੜੇ ਤਲਣ ਵਾਲਿਆਂ ਨੂੰ ਵੀ ਨੌਕਰੀਪੇਸ਼ਾ ਲੋਕਾਂ ਵਿੱਚ ਗਿਣਿਆ ਜਾਵੇ। ਬੀਜੇਪੀ ਨੇ ਪਹਿਲੇ ਤਿੰਨ ਸਾਲਾਂ ਵਿੱਚ 2,33,000 ਕਰੋੜ ਦਾ ਘਾਟਾ ਖਾਧਾ। ਮਈ 2014 ਤੋਂ ਮਈ 2017 ਤੱਕ ਭਾਵੇਂ ਕੱਚੇ ਤੇਲ ਦੀਆਂ ਕੀਮਤਾਂ ਵਿੱਚ108.05 ਤੋਂ 48.82 ਦੀ ਜੋ ਕਮੀ ਆਈ ਉਸ ਦਾ ਫਾਇਦਾ ਆਮ ਆਦਮੀ ਤੱਕ ਪਹੁਚਾਉਣ ਤੋਂ ਸਰਕਾਰ ਨੇ ਇਨਕਾਰ ਕੀਤਾ। ਉਲਟਾ ਇਸ ਨੇ ਪੈਟਰੋਲ ਪੰਪ ਤੋਂ ਤੇਲ ਲੈਣ ਵਾਲਿਆਂ ਤੇ ਹੋਰ ਵਾਧੂ ਰਾਜਕੀ ਟੈਕਸ ਲਾ ਦਿੱਤੇ,ਜਦ ਕੇ ਦੂਜੀ ਪਾਸੇ ਰੁਪਏ ਦੀ ਕੀਮਤ ਕੌਮਾਂਤਰੀ ਬਾਜ਼ਾਰ ਵਿੱਚ ਡਾਲਰ ਦੇ ਮੁਕਾਬਲੇ ਸਿਰਫ਼ 70 ਰੁਪਏ ਰਹਿ ਗਈ। ਹੋਰ ਤਾਂ ਹੋਰ ਭਾਰਤ ਦੇ ਸਭ ਤੋਂ ਵੱਡੇ ਬੈਂਕ ਸਟੇਟ ਬੈਂਕ ਆਫ ਇੰਡੀਆ ਨੇ ਆਪਣੇ 31 ਕਰੋੜ ਸੇਵਿੰਗ ਬੈਂਕ ਅਕਾਊਂਟ ਹੋਲਡਰਾਂ(ਜਿਹਨਾਂ ਵਿੱਚ ਵਿਦਿਆਰਥੀ ਅਤੇ ਪੈਨਸ਼ਨਰ ਵੀ ਸ਼ਾਮਿਲ ਹਨ) ਤੋਂ ਘੱਟੋ ਘੱਟ ਬੈਲੇਂਸ ਰੱਖਣ,ਏਟੀਐਮ ਚਾਰਜਿਜ ਤੇ ਹੋਰ ਸੇਵਾਵਾਂ ਲੈਣ ਦੇ ਪੈਸੇ ਕੱਟਣੇ ਸ਼ੁਰੂ ਕਰ ਕੇ ਲੋਕਾਂ ਦੀ ਦੁਖਦੀ ਰਗ ਤੇ ਹੋਰ ਹੱਥ ਰੱਖ ਦਿੱਤਾ। ਅੱਛੇ ਦਿਨਾਂ ਦੇ ਵਾਅਦੇ ਦੀ ਫੂਕ ਉਦੋਂ ਨਿਕਲ ਜਾਂਦੀ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਆਲਮੀ ਭੁੱਖ ਇੰਡੈਕਸ(ਜੀਐਚਆਈ) ਵਜੋਂ ਦੁਨੀਆਂ ਦੇ 119 ਦੇਸ਼ਾਂ ਵਿੱਚੋਂ ਭਾਰਤ ਦੀ ਥਾਂ 103 ਵੀਂ ਹੈ ਅਤੇ ਇੱਕੀ ਫ਼ੀਸਦੀ ਭਾਰਤੀ ਬੱਚਿਆਂ ਦਾ ਵਜ਼ਨ ਆਮ ਨਾਲੋਂ ਘੱਟ ਹੈ। ਗਲੋਬਲ ਹੰਗਰ ਇੰਡੈਕਸ ਦੇ ਮੁਤਾਬਕ ਭਾਰਤ ਦਾ ਹਰੇਕ ਪੰਜਵੇਂ ਬੱਚਾ ਭਿਅੰਕਰ ਸੋਕੜੇ ਤੇ ਕੁਪੋਸ਼ਨ ਤੋਂ ਪੀੜਤ ਹੈ। ਰਿਪੋਰਟ ਅੰਦਰ ਭੁੱਖ ਦੀ ਪੱਧਰ ਦਾ ਹਿਸਾਬ ਲਾਉਣ ਲਈ ਚਾਰ ਪੈਮਾਨੇ ਵਰਤੇ ਗਏ ਹਨ।ਇਸ ਵਿੱਚ ਪਹਿਲਾਂ ਪੈਮਾਨਾ ਕੁਪੋਸ਼ਣ ਦਾ ਹੈ ਜਿਸ ਵਿੱਚ ਇਹ ਦੇਖਣਾ ਹੁੰਦਾ ਹੈ ਕਿਆਬਾਦੀ ਦਾ ਕਿੰਨਾ ਭਾਗ ਕੁਪੋਸ਼ਣ/ ਭੁੱਖਮਰੀ ਦਾ ਸ਼ਿਕਾਰ ਹੈ ਯਾਨੀ ਕਿ ਉਨ੍ਹਾਂ ਨੂੰ ਜਰੂਰੀ ਤੇ ਲੋੜੀਂਦੀ ਖੁਰਾਕ ਵੀ ਨਹੀਂ ਮਿਲਦੀ। ਇਸ ਤੋਂ ਅਗਲੇ ਤਿੰਨ ਪੈਮਾਨੇ ਨਾਲ ਬੱਚੇ ਦਾ ਭਾਰ ਤੇ ਕੱਦ ਮਾਪ ਕੇ ਇਹ ਪਤਾ ਕਰਨਾ ਹੁੰਦਾ ਹੈ ਕਿ ਉਹ ਲਗਾਤਾਰ ਕਿੰਨੀ ਭੁੱਖਮਰੀ ਤੋਂ ਪੀੜਤ ਹੈ ਅਤੇ ਇਹਨਾਂ ਚੋਂ ਕਿੰਨੇ ਬੱਚਿਆਂ ਦੀ ਮੌਤ ਹੋ ਜਾਂਦੀ ਹੈ।

ਪਿਛਲੇ ਸਾਲਾਂ ਦੌਰਾਨ ਸੋਕੜੇ ਤੋਂ ਪੀੜਤ ਬੱਚਿਆਂ ਦੀ ਸਥਿਤੀ ਮੁਕਾਬਲਤਨ ਵਿਗੜੀ ਹੈ। ਸੰਨ 2000 ਵਿੱਚ ਇਹ 17.1 ਫ਼ੀਸਦੀ ਸੀ ਜੋ ਵਧ ਕੇ 2005 ਚ 20 ਫੀਸਦੀ ਅਤੇ 2018 ਚ 21 ਫੀਸਦੀ ਪਹੁੰਚ ਗਈ। ਦੁਨੀਆਂ ਵਿੱਚ ਸਭ ਤੋਂ ਮਾੜੀ ਹਾਲਤ ਜੰਗ ਦੇ ਝੰਬੇ ਦੱਖਣੀ ਸੁਡਾਨ ਦੀ ਹੈ,ਜਿੱਥੇ 28 ਫੀਸਦੀ ਬੱਚੇ ਸੋਕੜੇ ਤੇ ਕੁਪੋਸ਼ਨ ਦਾ ਸ਼ਿਕਾਰ ਹਨ।

ਸੰਨ 2014 ਚ ਮੋਦੀ ਨੇ ਹਕੂਮਤ ਸੰਭਾਲੀ ਅਤੇ ਸੰਨ 2017-18 ਦੀ ਆਰਥਿਕ ਵਿਕਾਸ ਦਰ 6.7 ਫੀਸਦੀ ਸੀ,ਜੋ ਹੁਣ ਤੱਕ ਸਭ ਤੋਂ ਹੇਠਲੇ ਪੱਧਰ ਦੀ ਮੰਨੀ ਜਾਂਦੀ ਹੈ। ਖੇਤੀ ਖੇਤਰ ਚ 2017-18 ਵਿੱਚ ਵਾਧਾ 3.4 ਫੀਸਦੀ ਰਿਹਾ ਜੋ 2016-17 ਦੇ 6.3 ਫੀਸਦੀ ਵਾਧੇ ਤੋਂ ਕਿਤੇ ਹੇਠਾਂ ਹੈ। 2015-16 ਚ ਤਾਂ ਇਹ ਵਾਧਾ ਸਿਰਫ 0.6 ਫੀਸਦੀ ਹੀ ਸੀ।ਇਸ ਤਰ੍ਹਾਂ ਸਨਅਤੀ ਖੇਤਰ ਦਾ ਵਿਕਾਸ ਵੀ ਮੋਦੀ ਹਕੂਮਤਦੌਰਾਨ ਸੁਸਤ ਹੀ ਹੁੰਦਾ ਗਿਆ।

ਕਾਂਗਰਸ ਦੀ ਹਕੂਮਤ ਵਾਲੀ ਯੂਪੀਏ ਸਰਕਾਰ ਦੇ ਦਸ ਸਾਲਾਂ(2004-05 ਤੋਂ 2013-4) ਵਿੱਚ ਖੇਤੀ ਖੇਤਰ ਦੀ ਕੁੱਲ ਘਰੇਲੂ ਪੈਦਾਵਾਰ(ਜੀਡੀਪੀ) ਦੀ ਵਾਧਾ ਦਰ 3.7 ਫੀਸਦੀ ਅਤੇ ਕੁੱਲ ਮਿਲਾ ਕੇ ਜੀਡੀਪੀ 7.9 ਫੀਸਦੀ ਰਹੀ। ਮਨਮੋਹਨ ਸਿੰਘ ਸਰਕਾਰ ਦੇ ਪਹਿਲੇ ਚਾਰ ਸਾਲਾਂ ਦੌਰਾਨ ਖੇਤੀ ਖੇਤਰ ਦੀ ਕੁੱਲ ਘਰੇਲੂ ਪੈਦਾਵਾਰ(ਜੀਡੀਪੀ)ਦੀ ਵਿਕਾਸ ਦਰ 3.8 ਫੀਸਦੀ ਰਹੀ ਪਰ ਮੋਦੀ ਸਰਕਾਰ ਦੇ ਪਹਿਲੇ 4 ਸਾਲਾਂ ਦੌਰਾਨ ਇਹ ਦਰ ਇਸ ਤੋਂ ਅੱਧੀ ਯਾਨੀ 1.9 ਫੀਸਦੀ ਰਹੀ। ਆਮ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਮਨਮੋਹਨ ਸਿੰਘ ਸਰਕਾਰ ਦੇ ਪਹਿਲੇ ਚਾਰ ਸਾਲਾ ਦੌਰਾਨ 8.9 ਫੀਸਦੀ ਰਹੀ ਪਰ ਜਦੋਂ ਮੋਦੀ ਸਰਕਾਰ ਦੇ ਪਹਿਲੇ ਚਾਰ ਸਾਲਾਂ ਦੌਰਾਨ ਇਹ ਦਰ 7.2 ਫੀਸਦੀ ਯਾਨੀ ਕਾਫ਼ੀ ਹੇਠਾਂ ਰਹੀ।

ਅੱਛੇ ਦਿਨ ਉਨ੍ਹਾਂ ਲੋਕਾਂ ਲਈ ਰਹੇ ਜੋ ਪਹਿਲਾਂ ਹੀ ਅਮੀਰ ਹਨ।

ਚਲਦਾ__

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

# ਸਰਕਾਰੀ ਮੁਲਾਜ਼ਮ ਸਰਕਾਰ ਦਾ ਹਿੱਸਾ ਹੁੰਦੇ ਹਨ



ਸਰਕਾਰੀ ਮੁਲਾਜ਼ਮ ਸਰਕਾਰ ਦਾ ਹਿੱਸਾ ਹੁੰਦੇ ਹਨ। ਜਿਹੜਾ ਕਰਮਚਾਰੀ ਕਚਹਿਰੀ ਦੇ ਬਾਹਰ ਖੜਾ ਆਵਾਜ਼ ਦਿੰਦਾ ਹੈ ਗਵਾਹ ਨੂੰ ਉਹ ਵੀ ਸਰਕਾਰ ਦਾ ਹਿੱਸਾ ਹੈ। ਕਿਸੇ ਦਫਤਰ ਵਿੱਚ ਜੋ ਚਪੜਾਸੀ ਹੈ ਉਹ ਵੀ ਸਰਕਾਰ ਦਾ ਹਿੱਸਾ ਹੈ। ਸਰਕਾਰ ਦੇ ਇਹਨਾਂ ਹਿੱਸਿਆਂ ਦਾ ਵਿੱਤੀ ਪਕਾਇਆ ਸਰਕਾਰ ਲਈ ਬੋਝ ਕਿਵੇਂ ਬਣ ਗਿਆ? ਜੋ ਕਰਮਚਾਰੀ ਆਪਣੀ ਸਾਰੀ ਜ਼ਿੰਦਗੀ ਕਿਸੇ ਅਦਾਰੇ ਨੂੰ ਦਿੰਦਾ ਹੈ ਉਸਦਾ ਬਕਾਇਆ ਹੋਣਾ ਹੀ ਨਹੀਂ ਚਾਹੀਦਾ। ਅਦਾਇਗੀ ਨਾਲ ਨਾਲ ਹੋਣੀ ਚਾਹੀਦੀ ਹੈ। ਇਹ ਕਿਸ ਤਰ੍ਹਾਂ ਦੀ ਮਹਿੰਗਾਈ ਦੀ ਵਿਵਸਥਾ ਹੈ ਜੋ ਆਈਏਐਸ ਆਈਪੀਐਸ ਨੂੰ ਮਹਿੰਗਾਈ ਭੱਤਾ ਦਿੰਦੀ ਹੈ ਪਰ ਹੋਰ ਕਿਸੇ ਨੂੰ ਨਹੀਂ? ਸੁਣਨ ਵਿੱਚ ਵੀ ਇਹ ਗੱਲ ਅਜੀਬ ਲੱਗਦੀ ਹੈ। ਕਿਸੇ ਸਰਕਾਰ ਨੂੰ ਜਦੋਂ ਆਪਣੇ ਹੀ ਹਿੱਸਿਆਂ ਦਾ ਆਪਣੇ ਹੀ ਬੰਦਿਆਂ ਦਾ ਆਪਣੇ ਹੀ ਕਰਮਚਾਰੀਆਂ ਦਾ ਬਕਾਇਆ ਬੋਝ ਲੱਗਣ ਲੱਗੇ ਤਾਂ ਸੋਚ ਸਕਦੇ ਹਾਂ ਕਿ ਉਹ ਕਰਮਚਾਰੀਆਂ ਪ੍ਰਤੀ ਕਿੰਨੀ ਕੁ ਸੁਹਿਰਦ ਹੈ। ਕਰਮਚਾਰੀਆਂ ਦੀ ਨਿਸ਼ਠਾ ਦੇਖੋ ਉਹ ਇਸ ਸਭ ਦੇ ਬਾਵਜੂਦ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਉਂਦੇ ਹਨ। ਸੋਚ ਕੇ ਦੇਖੋ ਜੇਕਰ ਇਹ ਕਰਮਚਾਰੀ ਆਪਣੀਆਂ ਸੇਵਾਵਾਂ ਦੇਣੀਆਂ ਬੰਦ ਕਰ ਦੇਣ ਤਾਂ ਕੀ ਸਰਕਾਰ ਚੱਲ ਸਕੇਗੀ? ਸਰਕਾਰਾਂ ਨੂੰ ਚਲਾਉਣ ਵਾਲੇ ਇਹ ਸਾਰੇ ਕਰਮਚਾਰੀ ਹੀ ਹਨ। ਇਹ ਗੱਲ ਮੰਦਭਾਗੀ ਹੈ ਕਿ ਕਰਮਚਾਰੀਆਂ ਵਿੱਚ ਵੱਖਰੀ ਵੱਖਰੀ ਲੋਬੀ ਬਣ ਗਈ ਹੈ। ਇਹ ਗੱਲ ਤਾਂ ਸਾਡੇ ਆਈਐਸ ਅਫਸਰਾਂ ਨੂੰ ਵੀ ਮਹਿਸੂਸ ਹੋਣੀ ਚਾਹੀਦੀ ਹੈ ਕਿ ਬਾਕੀ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਨਹੀਂ ਮਿਲਦਾ। ਕਹਿੰਦੇ ਨੇ ਇੱਕ ਡਿਪਟੀ ਕਮਿਸ਼ਨਰ ਜ਼ਿਲੇ ਦਾ ਸੰਚਾਲਕ ਹੁੰਦਾ ਹੈ। ਉਸਦਾ ਕੰਮ ਆਪਣੇ ਜਿਲੇ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣਾ ਹੈ। ਜਦੋਂ ਸਰਕਾਰ ਇਹ ਕਹਿੰਦੀ ਹੈ ਕਿ ਉਹ 14 ਹਜਾਰ ਕਰੋੜ ਦਾ ਮਹਿੰਗਾਈ ਭੱਤੇ ਦਾ ਬਕਾਇਆ ਦੇਣ ਤੋਂ ਅਸਮਰੱਥ ਹੈ ਤਾਂ ਇਹਨਾਂ ਕਰਮਚਾਰੀਆਂ ਨੂੰ ਇਹ ਦੱਸਣਾ ਚਾਹੀਦਾ ਹੈ ਆਪਣੇ ਨੇਤਾਵਾਂ ਨੂੰ ਆਪਣੇ ਆਕਾਵਾਂ ਨੂੰ ਕਿ ਇਹ ਇਹਨਾਂ ਕਰਮਚਾਰੀਆਂ ਦਾ ਹੱਕ ਹੈ। ਇਹ ਆਈਐਸ ਅਫਸਰ ਸਰਕਾਰ ਤੇ ਹੋਰ ਕਰਮਚਾਰੀਆਂ ਵਿਚਲੀ ਕੜੀ ਹਨ। ਪਰ ਇਸ ਮਾਹੌਲ ਵਿੱਚ ਜਿੱਥੇ ਸਭ ਨੂੰ ਆਪੋ ਧਾਪੀ ਪਈ ਹੈ ਕੋਈ ਕਿਸੇ ਲਈ ਕਿਉਂ ਸੋਚੇਗਾ। ਉਹ ਪੈਨਸ਼ਨਰ ਜਿਨਾਂ ਨੇ ਆਪਣੀ ਸਾਰੀ ਜ਼ਿੰਦਗੀ ਸਰਕਾਰ ਦੇ ਕੰਮਾਂ ਦੇ ਲੇਖੇ ਲਾ ਦਿੱਤੀ ਆਪਣੇ ਬਕਾਏ ਨੂੰ ਉਡੀਕਦੇ ਹੀ ਦੁਨੀਆਂ ਵਿੱਚੋਂ ਚਲੇ ਗਏ। ਇਹ ਤਾਂ ਕੋਰਟ ਦੀ ਮਿਹਰਬਾਨੀ ਹੈ ਜਿਸ ਨੇ ਇਹ ਆਦੇਸ਼ ਦਿੱਤਾ ਕਿ ਉਹਨਾਂ ਕਰਮਚਾਰੀਆਂ ਦੇ ਵਾਰਸਾਂ ਨੂੰ ਲੱਭਿਆ ਜਾਵੇ ਤੇ ਉਹਨਾਂ ਨੂੰ ਬਕਾਏ ਦਿੱਤੇ ਜਾਣ। ਜਦੋਂ ਪੈਨਸ਼ਨਰ ਆਪਣਾ ਬਕਾਇਆ ਲੈਣ ਲਈ ਦਰ ਬਦਰ ਭਟਕਦੇ ਹਨ ਤਾਂ ਇਹ ਵੇਖ ਕੇ ਨੌਜਵਾਨਾਂ ਵਿੱਚ ਵੀ ਨਿਰਾਸ਼ਾ ਹੁੰਦੀ ਹੈ। ਕਰਮਚਾਰੀ ਕਿਸੇ ਸਰਕਾਰ ਦਾ ਸਰਮਾਇਆ ਹਨ। ਇਹ ਸਰਕਾਰ ਦੇ ਹੱਥ ਹਨ। ਜਿੰਨੀਆਂ ਵੀ ਸਕੀਮਾਂ ਸਰਕਾਰ ਲਾਗੂ ਕਰਦੀ ਹੈ ਉਹ ਸਾਰੀਆਂ ਕਰਮਚਾਰੀਆਂ ਦੁਆਰਾ ਹੀ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਪੰਜਾਬ ਸੂਬਾ ਹਮੇਸ਼ਾ ਹੀ ਕਰਮਚਾਰੀਆਂ ਨੂੰ ਸੁਵਿਧਾਵਾਂ ਦੇਣ ਵਿੱਚ ਸਭ ਤੋਂ ਅੱਗੇ ਰਿਹਾ ਹੈ। ਪੰਜਾਬ ਦਾ ਪੇ ਸਕੇਲ ਵੀ ਹਮੇਸ਼ਾ ਸਭ ਤੋਂ ਵਧੀਆ ਰਿਹਾ ਹੈ। ਇਸ ਸੂਬੇ ਦੀ ਅਜਿਹੀ ਦੁਰਦਸ਼ਾ ਹੋ ਗਈ ਹੈ ਕਿ ਇਹ ਆਪਣੇ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਨਹੀਂ ਦਿੰਦਾ। ਆਜ਼ਾਦੀ ਤੋਂ ਲੈ ਕੇ ਹੁਣ ਤੱਕ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਾਲ ਵਿੱਚ ਮਹਿੰਗਾਈ ਭੱਤੇ ਦੀ ਕੋਈ ਕਿਸ਼ਤ ਨਾ ਮਿਲੇ। ਬਕਾਇਆ ਦੇਣ ਦੀ ਗੱਲ ਹਾਈ ਕੋਰਟ ਵੱਲੋਂ ਕਹੀ ਜਾਂਦੀ ਹੈ ਜਿਸ ਦੇ ਜਵਾਬ ਵਿੱਚ ਸਰਕਾਰ ਕਹਿੰਦੀ ਹੈ ਕਿ ਇਹ ਸਾਡੇ ਤੇ ਵਿੱਤੀ ਭਾਰ ਹੈ।

ਸਾਨੂੰ ਤਾਂ ਇਹੀ ਸਿਖਾਇਆ ਗਿਆ ਹੈ ਕਿ ਸਰਕਾਰੀ ਕਰਮਚਾਰੀ ਸਰਕਾਰ ਦਾ 24 ਘੰਟੇ ਦਾ ਮੁਲਾਜ਼ਮ ਹੈ। ਜਦੋਂ ਵੀ ਜੋ ਵੀ ਕੰਮ ਸਰਕਾਰ ਕਹਿੰਦੀ ਹੈ ਜੋ ਹੁਕਮ ਦਿੱਤਾ ਜਾਂਦਾ ਹੈ ਕਰਮਚਾਰੀ ਉਹ ਪੂਰਾ ਕਰਦੇ ਹਾਂ ਫਿਰ ਇਹਨਾਂ ਦਾ ਬਕਾਇਆ ਬੋਝ ਕਿਵੇਂ?

ਲੇਖਕ : ਹਰਪ੍ਰੀਤ ਕੌਰ ਸੰਧੂ।

# ਖੰਡ ਮਿੱਲ ਦੀ ਮਾਲਕੀ ਬਦਲਣ ਵਿਰੁੱਧ ਪਿੰਡਾਂ ਵਿੱਚ ਮੋਟਰ ਸਾਈਕਲ ਮਾਰਚ



**ਜਿਲਾ ਪ੍ਰਸ਼ਾਸਨ ਖੰਡ ਮਿੱਲ ਸੇਰੋਂ ਵਿੱਚ ਹੋ ਰਹੀ ਜਬਰੀ ਉਸਾਰੀ ਤੁਰੰਤ ਬੰਦ ਕਰਨ ਦੀ ਕੀਤੀ ਮੰਗ |**

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ 10 ਅਪਰੈਲ

ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਤੇ ਆਗੂਆਂ ਦੀ ਇੱਕ ਅਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਹਰਜਿੰਦਰ ਸਿੰਘ ਟਾਂਡਾ ਸੂਬਾਈ ਪ੍ਰਧਾਨ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ ਤੌਰ ਤੇ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਵਿਚਾਰ ਚਰਚਾ ਕੀਤੀ ਗਈ ।ਇਸ ਮੌਕੇ ਮੀਟਿੰਗ ਵਿੱਚ ਸਯੁੰਕਤ ਕਿਸਾਨ ਮੋਰਚਾ ਪੰਜਾਬ ਤੋਂ ਸੂਬਾਈ ਆਗੂ ਡਾਕਟਰ ਸਤਨਾਮ ਸਿੰਘ ਅਜਨਾਲਾ ਉਚੇਚੇ ਰੂਪ ਵਿੱਚ ਹਾਜ਼ਰ ਹੋਏ । ਇਸ ਮੌਕੇ ਵੱਖ ਵੱਖ ਆਗੂਆਂ ਨੇ ਕਿਹਾ ਪੰਜਾਬ ਸਰਕਾਰ ਇਸ ਤਰ੍ਹਾਂ ਧੱਕੇ ਨਾਲ ਕਿਸਾਨਾਂ ਦੇ ਸੇਅਰ ਮਨ ਮਰਜ਼ੀ ਨਾਲ ਨਹੀਂ ਵੇਚ ਸਕਦੀ ।ਉਨ੍ਹਾਂ ਨੇ ਮੰਗ ਕੀਤੀ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਜਬਰੀ ਉਸਾਰੀ ਤੁਰੰਤ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨ ਜਥੇਬੰਦੀਆਂ ਵੱਲੋਂ ਮੰਗਿਆ ਜਾ ਰਿਹਾ ਮਿੱਲ ਨਾਲ ਸੰਬੰਧਿਤ ਰਿਕਾਰਡ ਦੇਣ ਲਈ ਦੇਰੀ ਕੀਤੀ ਨਿੰਦਨਯੋਗ ਹੈ ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਜੇਕਰ ਉਹਨਾਂ ਨੇ ਇੱਥੇ ਕਣਕ ਸਟੋਰ ਕਰਨ ਲਈ ਗਦਾਮ ਬਣਾਉਣੇ ਸਨ ਤਾਂ ਉਹਦਾ ਵਾਤਾਵਰਨ ਤੇ ਕੀ ਅਸਰ ਪੈਣਾ ਸੀ। ਲੋਕਾਂ ਦੀ ਸਿਹਤ ਤੇ ਕੀ ਅਸਰ ਪੈਣਾ ਸੀ। ਇਨ੍ਹਾਂ ਗੱਲਾਂ ਦਾ ਸਰਵੇਖਣ ਕੀਤਾ ਜਾਣਾ ਚਾਹੀਦਾ ਸੀ। ਕਿਉਂਕਿ ਜਿਸ ਤਰ੍ਹਾਂ ਇਹ ਸਹਿਕਾਰੀ ਖੰਡ ਮਿੱਲ ਸ਼ੇਰੋ, ਪਿੰਡ ਸ਼ੇਰੋ ਪਿੰਡ ਦੇ ਬਿਲਕੁਲ ਨਜ਼ਦੀਕ ਹੈ ਤੇ ਇਥੋਂ ਜੋ ਸੁਸਰੀ ਪੈਦਾ ਹੋਵੇਗੀ,ਜਿਹੜੀ ਅਕਸਰ ਕਣਕ ਤੋਂ ਪੈਦਾ ਹੁੰਦੀ ਹੈ ।ਉਹ ਉੱਡ ਕੇ ਲੋਕਾਂ ਦਾ ਜੀਵਨ ਦੁੱਬਰ ਕਰ ਦਿੰਦੀ ਹੈ ।ਉਸ ਦਾ ਜਵਾਬਦੇਹ ਕੌਣ ਹੋਏਗਾ । ਮੀਟਿੰਗ ਵਿੱਚ ਆਉਣ ਵਾਲੇ ਦਿਨਾਂ ਵਿੱਚ ਵੱਖ -ਵੱਖ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੱਢ ਕੇ ਕਿਸਾਨਾਂ ਨੂੰ ਸਰਕਾਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਸੁਚੇਤ ਕੀਤਾ ਜਾਵੇਗਾ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਉਨ੍ਹਾਂ ਕਿਹਾ ਇਹ ਮੋਟਰਸਾਈਕਲ ਮਾਰਚ ਪਿੰਡ ਜਿਵੇਂ ਜੌਹਲ ,ਮੁੰਡਾ ਪਿੰਡ ,ਭੈਲ, ਵੈਰੋਵਾਲ ,ਜਲਾਲਾਬਾਦ ਘੜਕਾ, ਧੁਨ, ਪੱਟੀ ,ਭਿੱਖੀਵਿੰਡ ,ਮੁੱਖ ਰੂਪ ਵਿੱਚ ਇਨ੍ਹਾਂ ਵੱਡੇ ਕਸਬਿਆਂ ਵਿੱਚ ਇਹ ਮੋਟਰਸਾਈਕਲ ਮਾਰਚ ਕੱਢ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।ਬੁੱਧਵਾਰ ਨੂੰ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਦਫਤਰੀ ਰਿਕਾਰਡ ਵਿੱਚ ਹੋ ਰਹੀ ਦੇਰੀ ਸਬੰਧੀ ਪੁੱਛਿਆ ਜਾਏਗਾ। ਮੀਟਿੰਗ ਵਿੱਚ ਨਛੱਤਰ ਸਿੰਘ ਪੰਨੂ, ਮਨਜੀਤ ਸਿੰਘ ਬੱਗੂ ,ਤਰਸੇਮ ਸਿੰਘ ਲੁਹਾਰ, ਦਲਜੀਤ ਸਿੰਘ ਦਿਆਲਪੁਰਾ, ਡਾਕਟਰ ਸਤਨਾਮ ਸਿੰਘ ਅਜਨਾਲਾ ,ਹਰਜਿੰਦਰ ਸਿੰਘ ਟਾਂਡਾ, ਸੁਰਿੰਦਰ ਸਿੰਘ ਜਸਵੰਤ ਸਿੰਘ ,ਬਲਦੇਵ ਸਿੰਘ ਸ਼ੇਰੋ, ਕਸ਼ਮੀਰ ਸਿੰਘ ਸ਼ੇਰੋ, ਅੰਗਰੇਜ਼ ਸਿੰਘ ਸ਼ੇਰੋ,ਸੁਖਦੇਵ ਸਿੰਘ ਸ਼ੇਰੋਂ ,ਮੇਹਰ ਸਿੰਘ ਚਤਾਲਾ ,ਡਾ ਇੰਦਰਜੀਤ ਸਿੰਘ ਮਰਹਾਣਾ ,ਦਵਿੰਦਰ ਸੋਹਲ ਦਲਵਿੰਦਰ ਸਿੰਘ ਨਸਹਿਰਾ ਪੰਨੂੰਆ, ਗੁਰਚਰਨ ਸਿੰਘ ਸੁਭਰਾ, ਸਤਪਾਲ ਸਿੰਘ ਨੱਥੋਕੇ ,ਸੁਖਚੈਨ ਸਿੰਘ ਸਰਹਾਲੀ ਖੁਰਦ ਆਦਿ ਕਿਸਾਨ ਆਗੂ ਹਾਜ਼ਰ ਸਨ। ਸਥਾਨਕ ਗਾਂਧੀ ਪਾਰਕ ਵਿਖੇ ਮੀਟਿੰਗ ਕਰਨ ਉਪਰੰਤ ਗੱਲਬਾਤ ਕਰਦੇ ਹੋਏ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਨਛੱਤਰ ਸਿੰਘ ਗਿੱਲ, ਹਰਜਿੰਦਰ ਸਿੰਘ ਟਾਂਡਾ ਆਦਿ।

# ਭਾਰਤੀ ਮੈਰਾਥਨ ਰਨਰ ਸਵਾਨ ਬੜਵਾਲ ਨੇ ਰੋਟਰਡੈਮ ਵਿਚ ਇਤਿਹਾਸ ਰਚ ਦਿੱਤਾ




**ਹ ਰਿਕਾਰਡ ਭਾਰਤੀ ਐਥਲੈਟਿਕਸ ਲਈ ਬਹੁਤ ਮਹੱਤਵਪੂਰਨ ਹੈ।**

ਭਾਰਤੀ ਮੈਰਾਥਨ ਰਨਰ ਸਵਾਨ ਬੜਵਾਲ ਨੇ ਰੋਟਰਡੈਮ ਵਿਚ ਇਤਿਹਾਸ ਰਚ ਦਿੱਤਾ ਹੈ। ਉਸ ਨੇ ਆਪਣੀ ਪਹਿਲੀ ਮੈਰਾਥਨ ਵਿਚ ਹੀ 48 ਸਾਲ ਪੁਰਾਣਾ ਰਾਸ਼ਟਰੀ ਰਿਕਾਰਡ ਤੋੜ ਦਿੱਤਾ। ਇਹ ਰਿਕਾਰਡ ਸ਼ਿਵਨਾਥ ਸਿੰਘ ਦਾ ਸੀ, ਜਿਸ ਨੇ 1978 ਵਿਚ 2 ਘੰਟੇ 12 ਮਿੰਟ ਦਾ ਸਮਾਂ ਬਣਾਇਆ ਸੀ। ਸਵਾਨ ਬੜਵਾਲ ਨੇ ਐਨਐਨ ਮੈਰਾਥਨ ਰੋਟਰਡੈਮ 2026 ਵਿਚ 2 ਘੰਟੇ 11 ਮਿੰਟ 58 ਸੈਕਿੰਡ ਦਾ ਸਮਾਂ ਬਣਾਇਆ। ਇਸ ਤਰ੍ਹਾਂ ਉਸ ਨੇ ਪੁਰਾਣੇ ਰਿਕਾਰਡ ਨੂੰ 0.42 ਸੈਕਿੰਡ ਨਾਲ ਤੋੜਿਆ। ਉਹ ਇਸ ਰੇਸ ਵਿਚ 20ਵੀਂ ਥਾਂ ਤੇ ਆਇਆ। ਇਹ ਭਾਰਤੀ ਐਥਲੈਟਿਕਸ ਲਈ ਇੱਕ ਵੱਡੀ ਖੁਸ਼ਖਬਰੀ ਹੈ। ਸਵਾਨ ਬੜਵਾਲ ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਉਸ ਦੀ ਉਮਰ 28 ਸਾਲ ਹੈ। ਉਹ ਭਾਰਤੀ ਫੌਜ ਵਿਚ ਹਵਿਲਦਾਰ ਹੈ ਅਤੇ ਡਿਹਰਾਡੂਨ ਵਿਚ ਤਾਇਨਾਤ ਹੈ। ਉਸ ਦਾ ਪਿਤਾ ਇੱਕ ਕਾਰ ਡਰਾਈਵਰ ਹੈ। ਸਵਾਨ ਛੋਟੀ ਉਮਰ ਤੋਂ ਹੀ ਭੱਜਣ ਵਾਲਾ ਸੀ। ਉਸ ਨੇ 2015 ਵਿਚ ਯੂ-18 ਨੈਸ਼ਨਲ ਚੈਂਪੀਅਨਸ਼ਿਪ ਵਿਚ 3000 ਮੀਟਰ ਵਿਚ ਚੌਥਾ ਸਥਾਨ ਹਾਸਲ ਕੀਤਾ ਸੀ। ਉਸ ਤੋਂ ਬਾਅਦ ਉਹ 5000 ਮੀਟਰ ਅਤੇ 10,000 ਮੀਟਰ ਵਿਚ ਭਾਗ ਲੈਂਦਾ ਰਿਹਾ। ਉਸ ਨੂੰ ਲੰਬੀ ਦੂਰੀ ਦੀਆਂ ਰੇਸਾਂ ਵਿਚ ਵੀ ਸਫਲਤਾ ਮਿਲੀ। 2023 ਵਿਚ ਉਸ ਨੇ ਏਸ਼ੀਅਨ ਹਾਫ ਮੈਰਾਥਨ ਚੈਂਪੀਅਨਸ਼ਿਪ ਵਿਚ ਬ੍ਰਾਂਜ਼ ਮੈਡਲ ਜਿੱਤਿਆ ਸੀ। ਇਸ ਤੋਂ ਪਹਿਲਾਂ ਉਸ ਨੇ ਹਾਫ ਮੈਰਾਥਨ ਅਤੇ ਕਰਾਸ ਕੰਟਰੀ ਵਿਚ ਵੀ ਚੰਗਾ ਪ੍ਰਦਰਸ਼ਨ ਕੀਤਾ।ਰੋਟਰਡੈਮ ਮੈਰਾਥਨ ਇੱਕ ਵਿਸ਼ਵ ਪੱਧਰੀ ਰੇਸ ਹੈ। ਇਸ ਵਿਚ ਇਥੀਓਪੀਆ ਦੇ ਗਾਏ ਇਡੇਮੋ ਅਡੋਲਾ ਨੇ ਜਿੱਤ ਹਾਸਲ ਕੀਤੀ ਅਤੇ ਉਸ ਦਾ ਸਮਾਂ 2 ਘੰਟੇ 03 ਮਿੰਟ 54 ਸੈਕਿੰਡ ਸੀ। ਸਵਾਨ ਬੜਵਾਲ ਨੇ ਇਸ ਵਿਸ਼ਵ ਐਲੀਟ ਫੀਲਡ ਵਿਚ ਆਪਣੀ ਤਾਕਤ ਦਿਖਾਈ। ਉਸ ਨੇ 35 ਕਿਲੋਮੀਟਰ ਤੱਕ 2 ਘੰਟੇ 09 ਮਿੰਟ 14 ਸੈਕਿੰਡ ਦੀ ਗਤੀ ਨਾਲ ਭੱਜਿਆ। ਇਸ ਤੋਂ ਬਾਅਦ ਠੰਡੀ ਹਵਾ ਅਤੇ ਤਾਪਮਾਨ ਵਿਚ ਗਿਰਾਵਟ ਕਾਰਨ ਉਸ ਦੀ ਗਤੀ ਥੋੜ੍ਹੀ ਘਟ ਗਈ। ਫਿਰ ਵੀ ਉਹ ਰਿਕਾਰਡ ਤੋੜਣ ਵਾਲੀ ਗਤੀ ਬਣਾਈ ਰੱਖਣ ਵਿਚ ਸਫਲ ਰਿਹਾ। ਰੇਸ ਦੇ ਆਖਰੀ 20 ਮੀਟਰ ਵਿਚ ਉਸ ਨੂੰ ਦੋ ਵਾਰ ਮਿੰਨੀ ਬਲੈਕਆਊਟ ਵੀ ਆਏ, ਪਰ ਉਸ ਨੇ ਹੌਸਲਾ ਨਾ ਹਾਰਿਆ ਅਤੇ ਫਿਨਿਸ਼ ਲਾਈਨ ਤੱਕ ਪਹੁੰਚਿਆ। ਫਿਨਿਸ਼ ਤੋਂ ਬਾਅਦ ਉਹ ਥਕਾਵਟ ਕਾਰਨ ਡਿਗ ਪਿਆ, ਪਰ ਖੁਸ਼ੀ ਨਾਲ ਭਰਿਆ ਹੋਇਆ ਸੀ। ਇਹ ਰਿਕਾਰਡ ਭਾਰਤੀ ਐਥਲੈਟਿਕਸ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ 48 ਸਾਲ ਤੋਂ ਟੁੱਟਿਆ ਨਹੀਂ ਸੀ। ਸ਼ਿਵਨਾਥ ਸਿੰਘ ਨੇ ਇਹ ਰਿਕਾਰਡ ਜਲੰਧਰ ਵਿਚ ਬਣਾਇਆ ਸੀ। ਉਸ ਤੋਂ ਬਾਅਦ ਕਈ ਭਾਰਤੀ ਐਥਲੀਟਾਂ ਨੇ ਇਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਕੋਈ ਸਫਲ ਨਹੀਂ ਹੋਇਆ। ਸਵਾਨ ਬੜਵਾਲ ਨੇ ਇਸ ਰਿਕਾਰਡ ਨੂੰ ਆਪਣੀ ਪਹਿਲੀ ਮੈਰਾਥਨ ਵਿਚ ਹੀ ਤੋੜ ਕੇ ਇਤਿਹਾਸ ਰਚਿਆ। ਉਸ ਨੇ ਆਪਣੇ ਕੋਚ ਅਜੀਤ ਮਾਰਕੋਜ਼ ਅਤੇ ਟੀਮ ਦਾ ਧੰਨਵਾਦ ਕੀਤਾ। ਉਸ ਨਾਲ ਟੀ ਗੋਪੀ ਵੀ ਇਸ ਰੇਸ ਵਿਚ ਭਾਗ ਲੈ ਰਿਹਾ ਸੀ ਅਤੇ ਉਸ ਨੇ 2 ਘੰਟੇ 13 ਮਿੰਟ 16 ਸੈਕਿੰਡ ਦਾ ਸਮਾਂ ਬਣਾਇਆ, ਜਿਸ ਨਾਲ ਉਹ 23ਵੀਂ ਥਾਂ ਤੇ ਆਇਆ।

# ਬਿਹਾਰ ਰਾਜ ਵਿਚ ਇਸ ਵੇਲੇ ਮੌਸਮ ਵਿਚ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ



**ਇਸ ਨਾਲ ਤਾਪਮਾਨ ਵਿਚ ਥੋੜ੍ਹੀ ਗਿਰਾਵਟ ਆ ਸਕਦੀ ਹੈ।।**

ਬਿਹਾਰ ਰਾਜ ਵਿਚ ਇਸ ਵੇਲੇ ਮੌਸਮ ਵਿਚ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ। ਰਾਜ ਦੇ ਵੱਖ-ਵੱਖ ਇਲਾਕਿਆਂ ਵਿਚ ਗਰਮੀ ਅਤੇ ਨਮੀ ਵਾਲਾ ਮੌਸਮ ਬਣਿਆ ਹੋਇਆ ਹੈ, ਜਿਸ ਕਾਰਨ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲਣ ਵਾਲੀ ਉਮੀਦ ਹੈ ਪਰ ਇਸ ਨਾਲ ਖੇਤੀਬਾੜੀ ਉਤੇ ਵੀ ਅਸਰ ਪੈ ਰਿਹਾ ਹੈ। ਤਾਜ਼ਾ ਮੌਸਮ ਵਿਭਾਗ ਦੀ ਰਿਪੋਰਟ ਅਨੁਸਾਰ ਆਉਣ ਵਾਲੇ ਕੁਝ ਦਿਨਾਂ ਵਿਚ ਬਿਹਾਰ ਵਿਚ ਬੱਦਲ ਛਾਏ ਰਹਿਣਗੇ ਅਤੇ ਕਈ ਥਾਵਾਂ ਉਤੇ ਬਰਸਾਤ ਹੋਣ ਦੀ ਸੰਭਾਵਨਾ ਹੈ। ਇਸ ਨਾਲ ਤਾਪਮਾਨ ਵਿਚ ਥੋੜ੍ਹੀ ਗਿਰਾਵਟ ਆ ਸਕਦੀ ਹੈ।

ਪਟਨਾ ਸਮੇਤ ਬਿਹਾਰ ਦੇ ਉੱਤਰੀ ਅਤੇ ਦੱਖਣੀ ਇਲਾਕਿਆਂ ਵਿਚ ਇਸ ਵੇਲੇ ਤਾਪਮਾਨ 35 ਤੋਂ 38 ਡਿਗਰੀ ਸੈਲਸੀਅਸ ਤੱਕ ਰਿਕਾਰਡ ਕੀਤਾ ਗਿਆ ਹੈ। ਰਾਤ ਦਾ ਤਾਪਮਾਨ ਵੀ 22 ਤੋਂ 25 ਡਿਗਰੀ ਤੱਕ ਰਿਹਾ ਹੈ। ਮੌਸਮ ਵਿਭਾਗ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਅਗਲੇ 48 ਘੰਟਿਆਂ ਵਿਚ ਬਿਹਾਰ ਦੇ ਉੱਤਰੀ ਜਿਲ੍ਹਿਆਂ ਵਿਚ ਤੇਜ਼ ਹਵਾਵਾਂ ਨਾਲ ਬਰਸਾਤ ਹੋ ਸਕਦੀ ਹੈ। ਇਸ ਲਈ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ।

ਬਿਹਾਰ ਵਿਚ ਇਸ ਸਾਲ ਗਰਮੀ ਨੇ ਆਮ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਾਧਾ ਕੀਤਾ ਹੈ। ਅਪ੍ਰੈਲ ਮਹੀਨੇ ਵਿਚ ਹੀ ਤਾਪਮਾਨ 40 ਡਿਗਰੀ ਤੱਕ ਪਹੁੰਚਣ ਦੀ ਭਵਿੱਖਬਾਣੀ ਕੀਤੀ ਗਈ ਸੀ, ਪਰ ਹੁਣ ਖਾਸ ਕਰਕੇ ਗੰਗਾ ਨਦੀ ਦੇ ਕਿਨਾਰੇ ਵਾਲੇ ਇਲਾਕਿਆਂ ਵਿਚ ਨਮੀ ਵਧਣ ਕਾਰਨ ਲੋਕਾਂ ਨੂੰ ਅਸਹਿਜ ਮਹਿਸੂਸ ਹੋ ਰਿਹਾ ਹੈ। ਡਾਕਟਰਾਂ ਨੇ ਲੋਕਾਂ ਨੂੰ ਗਰਮੀ ਤੋਂ ਬਚਣ ਲਈ ਖਾਸ ਸਲਾਹਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਹੈ ਕਿ ਬਾਹਰ ਨਿਕਲਣ ਵੇਲੇ ਛੱਤਰੀ, ਟੋਪੀ ਅਤੇ ਚਸ਼ਮਾ ਵਰਤੋ ਅਤੇ ਖੂਬ ਪਾਣੀ ਪੀਓ। ਬੱਚਿਆਂ ਅਤੇ ਬਜ਼ੁਰਗਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਖੇਤੀਬਾੜੀ ਉਤੇ ਮੌਸਮ ਦਾ ਅਸਰ ਬਹੁਤ ਵੱਡਾ ਹੈ। ਬਿਹਾਰ ਵਿਚ ਗੰਨਾ, ਚੌਲ, ਮੱਕੀ ਅਤੇ ਸਬਜ਼ੀਆਂ ਦੀ ਖੇਤੀ ਵੱਡੇ ਪੱਧਰ ਉਤੇ ਹੁੰਦੀ ਹੈ। ਇਸ ਵੇਲੇ ਖੇਤਾਂ ਵਿਚ ਬੀਜਣ ਅਤੇ ਫਸਲਾਂ ਦੀ ਦੇਖਭਾਲ ਦਾ ਸਮਾਂ ਚੱਲ ਰਿਹਾ ਹੈ। ਜੇਕਰ ਤੇਜ਼ ਬਰਸਾਤ ਹੋਈ ਤਾਂ ਫਸਲਾਂ ਨੂੰ ਨੁਕਸਾਨ ਹੋ ਸਕਦਾ ਹੈ, ਖਾਸ ਕਰਕੇ ਨਵੀਆਂ ਬੀਜੀਆਂ ਫਸਲਾਂ ਨੂੰ। ਉਥੇ ਹੀ ਜੇਕਰ ਬਰਸਾਤ ਘੱਟ ਹੋਈ ਤਾਂ ਸਿੰਚਾਈ ਲਈ ਪਾਣੀ ਦੀ ਘਾਟ ਆ ਸਕਦੀ ਹੈ। ਕਿਸਾਨ ਭਰਾਵਾਂ ਨੂੰ ਮੌਸਮ ਵਿਭਾਗ ਦੀਆਂ ਭਵਿੱਖਬਾਣੀਆਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਉਸ ਅਨੁਸਾਰ ਆਪਣੀਆਂ ਫਸਲਾਂ ਦੀ ਰੱਖਿਆ ਕਰਨੀ ਚਾਹੀਦੀ ਹੈ।

ਪਟਨਾ, ਭਾਗਲਪੁਰ, ਗਯਾ, ਮੁਜ਼ੱਫਰਪੁਰ, ਦਰਭੰਗਾ ਅਤੇ ਪੂਰਣੀਆਂ ਵਰਗੇ ਵੱਡੇ ਸ਼ਹਿਰਾਂ ਵਿਚ ਮੌਸਮ ਵਿਭਾਗ ਨੇ ਯੈਲੋ ਅਲਰਟ ਜਾਰੀ ਕੀਤਾ ਹੈ।

## ਖੰਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਵਿਰੁੱਧ ਸ਼ੇਰੋ ਪਿੰਡ ਨਿਵਾਸੀ ਹੋਏ ਇੱਕ -ਮੁੱਠ, ਸਰਕਾਰ ਦਾ ਪੁਤਲਾ ਫੂਕਿਆ: ਸੰਯੁਕਤ ਕਿਸਾਨ ਮੋਰਚਾ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 12 ਅਪ੍ਰੈਲ ।**

ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿੱਚ ਸ਼ਾਮਿਲ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਅੱਜ ਗੁਰਦੁਆਰਾ ਬਾਬਾ ਸਿਧਾਣਾ ਸੇਰੋ ਵਿਖੇ ਪਿੰਡ ਤੇ ਨਿਵਾਸੀਆਂ ਦੀ ਇੱਕ ਅਹਿਮ ਮੀਟਿੰਗ ਤਰਸੇਮ ਸਿੰਘ ਲੁਹਾਰ ਜਿਲਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ ਦੀ ਪ੍ਰਧਾਨਗੀ ਹੇਠ ਕੀਤੀ। ਬੀਤੇ ਦਿਨ ਮੀਟਿੰਗ 10 ਅਪ੍ਰੈਲ ਦੇ ਸੰਯੁਕਤ ਮੋਰਚੇ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਕੀਤੀ ਗਈ। ਇਸ ਮੌਕੇ ਹਾਜ਼ਰ ਪਿੰਡ ਸ਼ੇਰੋ ਦੇ ਕਿਸਾਨਾਂ /ਮਜ਼ਦੂਰਾਂ ਨੇ ਕਿਹਾ ਕਿ ਇਹ ਮਿੱਲ ਹਜ਼ਾਰਾਂ ਲੋਕਾਂ ਨੂੰ ਸਿੱਧਾ ਅਤੇ ਦੇਹ ਹਜ਼ਾਰ ਨੂੰ ਅਸਿੱਧਾ ਰੁਜ਼ਗਾਰ ਮੁਹਈਆ ਕਰਾਉਂਦੀ ਸੀ ।ਇਹ ਮਿਲ ਕਿਸਾਨਾਂ ਦੇ ਸ਼ੇਅਰਾਂ ਨਾਲ ਬਣੀ ਹੋਈ ਸੀ ਕਿਸੇ ਵੀ ਸਰਕਾਰ ਨੂੰ ਇਸ ਤਰਾਂ ਮਨ ਮਰਜ਼ੀ ਧੱਕੇਸ਼ਾਹੀ ਨਾਲ ਇਸ ਦੀ ਮਾਲਕੀ ਬਦਲਣ ਦਾ ਅਧਿਕਾਰ ਨਹੀਂ । ਇੱਥੇ ਜ਼ਿਕਰ ਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ ਨੂੰ ਮਿਲਦੀ ਮਾਲਕੀ ਬਚਾਉਣ ਦੀ ਪੱਕਾ ਮੋਰਚਾ ਲਗਾਇਆ ਗਿਆ ਸੀ ਪਰ ਸਰਕਾਰ ਨੇ ਜਬਰੀ ਆਗੂਆਂ ਨੂੰ ਹਿਰਾਸਤ ਵਿੱਚ ਲੈ ਕੇ ਜੇਲ ਭੇਜ ਦਿੱਤਾ ਸੀ ਜਿਨਾਂ ਦੀ ਬਾਅਦ ਵਿੱਚ ਜਥੇਬੰਦਕ ਦਬਾਅ ਕਾਰਨ ਰਿਹਾਈ ਹੋਈ ਸੀ ।ਹੁਣ ਮੋਰਚੇ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਇਹਨਾਂ ਦਿਨਾਂ ਵਿੱਚ ਢਾਏ ਕੰਡੇ ਪਿੰਡਾਂ ਦੇ ਕਿਸਾਨਾਂ ਨੂੰ ਪਹੁੰਚ ਕਰਕੇ ਉਨ੍ਹਾਂ ਨੂੰ ਦੱਸਿਆ ਜਾਏਗਾ ਕਿ ਇਹ ਮਿੱਲ ਜਿਹੜੀ ਇਸ ਇਲਾਕੇ ਨੂੰ ਰੁਜਗਾਰ ਦਿੰਦੀ ਸੀ ਅਤੇ ਬੱਝਵੀਂ ਕਮਾਈ ਦਾ ਸਾਧਨ ਮਹੱਈਆ ਕਰਾਉਂਦੀ ਸੀ ਸਰਕਾਰ ਦੀ ਬਦਨੀਤੀ ਕਾਰਨ ਇਸ ਮਿਲ ਦੀ ਮਾਲਕੀ ਬਦਲਣ ਦੀ ਕੋਸ਼ਿਸ਼ ਹੋ ਰਹੀ ਹੈ। ਪਿੰਡਾਂ ਵਿੱਚ ਮਾਰਚ ਕਰਕੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾਣਗੇ ਅਤੇ ਆਉਣ ਵਾਲੇ ਦਿਨਾਂ ਵਿੱਚ ਮੁੜ ਤੋਂ ਪੱਕਾ ਮੋਰਚਾ ਲਗਾਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਏਗਾ। ਮੀਟਿੰਗ ਵਿੱਚ ਬੋਲਣ ਵਾਲੇ ਬੁਲਾਰਿਆਂ ਵਿੱਚ ਨਛੱਤਰ ਸਿੰਘ ਪੰਨੂ ,ਤਰਸੇਮ ਸਿੰਘ ਲੁਹਾਰ, ਬਾਬਾ ਮਹਿੰਦਰ ਸਿੰਘ, ਮਨਜੀਤ ਸਿੰਘ ਬੱਗੂ ,ਹਰਜਿੰਦਰ ਸਿੰਘ ਟਾਂਡਾ ,ਸੁਖਚੈਨ ਸਿੰਘ ਸਰਹਾਲੀ ਖੁਰਦ, ਦਲਵਿੰਦਰ ਸਿੰਘ ਨੁਸ਼ਹਿਰਾ ਪੰਨੂਆ, ਪ੍ਰਗਟ ਸਿੰਘ ਠੱਠੀਖਾਰਾ,ਡਾ ਇੰਦਰਜੀਤ ਸਿੰਘ ਮਰਹਾਣਾ,ਮੇਹਰ ਸਿੰਘ ਸਖੀਰਾ ਅਤੇ ਪਿੰਡ ਨਿਵਾਸੀਆਂ ਵੱਲੋਂ ਅੰਗਰੇਜ਼ ਸਿੰਘ ਸ਼ੇਰੋ ,ਸੁਖਦੇਵ ਸਿੰਘ ਸ਼ੇਰੋ ,ਸਕੱਤਰ ਸਿੰਘ ਸ਼ੇਰੋ ਆਦਿ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪਿੰਡ ਨਿਵਾਸੀਆਂ ਨੇ ਸੰਯੁਕਤ ਕਿਸਾਨ ਮੋਰਚੇ ਜ਼ਿਲਾ ਤਰਨ ਤਾਰਨ ਨੂੰ ਭਰੋਸਾ ਦਵਾਇਆ ਕਿ ਮੋਰਚਾ ਦੁਬਾਰਾ ਲੱਗਣ ਤੇ ਸ਼ੇਰੋ ਨਿਵਾਸੀ ਲੰਗਰ ਅਤੇ ਚਾਹ ਪਾਣੀ ਦੀ ਸੇਵਾ ਨਿਭਾਉਣਗੇ ਅਤੇ ਵੱਧ ਚੜ ਕੇ ਸਰਕਾਰ ਦੇ ਇਸ ਧੱਕੇਸ਼ਾਹੀ ਵਾਲੇ ਫੈਸਲੇ ਦਾ ਵਿਰੋਧ ਕਰਨਗੇ। ਇਸ ਤੋਂ ਬਿਨਾਂ ਸੁਖਪਾਲ ਸਿੰਘ ਸਿੱਧੂ ,ਕੁਲਦੀਪ ਸਿੰਘ ਸ਼ੈਰੋ ,ਬਲਦੇਵ ਸਿੰਘ ਸ਼ੇਰੋ ਗੁਰਮੀਤ ਸਿੰਘ ਬਲਕਾਰ ਸਿੰਘ ,ਅਮਰੀਕ ਸਿੰਘ ਸ਼ੈਰੋ ,ਗੁਲਜਾਰ ਸਿੰਘ ਸ਼ੇਰੋ ਅੰਗਰੇਜ਼ ਸਿੰਘ ਸ਼ੇਰੋ,ਅਜੀਤ ਸਿੰਘ ਸ਼ੇਰੋ ,ਬਿਕਰ ਸਿੰਘ ਸ਼ੇਰੋ ਚੂਹੜ ਸਿੰਘ ਸੈਰੋਂ ਪ੍ਰਗਟ ਸਿੰਘ ਸ਼ੇਰੋ ਗੁਰਪ੍ਰੀਤ ਸਿੰਘ ਸ਼ੇਰੋ ਗੁਰਨਾਮ ਸਿੰਘ ਸ਼ੇਰੋ ,ਜਗਰੂਪ ਸਿੰਘ ਸ਼ੇਰੋਂ ਸੁਖਦੇਵ ਸਿੰਘ ਸ਼ੇਰੋਂ ਸੁਖਦੇਵ ਸਿੰਘ ਤੁੜ,ਸੂਰਤਾ ਸਿੰਘ ਸ਼ੇਰੋ ਆਦਿ ਲੋਕਾਂ ਨੇ ਭਾਗ ਲਿਆ। ਅਖੀਰ ਵਿੱਚ ਕਿਸਾਨਾਂ ਵੱਲੋਂ ਹਾਈਵੇ ਉੱਪਰ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਪਿੰਡ ਵਿਖੇ ਕੀਤੀ ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਅਤੇ ਸਰਕਾਰ ਦਾ ਪੁਤਲਾ ਫੂਕਦੇ ਹੋਏ ਹਰਜਿੰਦਰ ਸਿੰਘ ਟਾਂਡਾ, ਨਾਲ ਨਛੱਤਰ ਸਿੰਘ ਪਨੂੰ, ਆਦਿ।

## ਸੰਯੁਕਤ ਡਾਇਰੈਕਟਰ ਖੇਤੀਬਾੜੀ ਵੱਲੋਂ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀ ਦੀ ਚੈਕਿੰਗ




**ਤਰਨ ਤਾਰਨ, 13 ਅਪ੍ਰੈਲ : ।**

ਸੰਯੁਕਤ ਡਾਇਰੈਕਟਰ ਖੇਤੀਬਾੜੀ (ਇਨਪੁਟਸ) ਪੰਜਾਬ ਡਾ. ਗੁਰਨਾਮ ਸਿੰਘ ਵੱਲੋਂ ਆਪਣੀ ਟੀਮ ਡਾ. ਗਿਰਜੇਸ਼ ਭਾਰਗਵ ਮੁੱਖ ਖਾਦ ਇੰਸਪੈਕਟਰ, ਹਰਪ੍ਰੀਤ ਸਿੰਘ ਏ.ਡੀ.ਓ ਅਤੇ ਜ਼ਿਲ੍ਹਾ ਤਰਨ ਤਾਰਨ ਦੇ ਖੇਤੀ ਅਧਿਕਾਰੀਆਂ ਸਹਿਤ ਜ਼ਿਲ੍ਹਾ ਤਰਨ ਤਾਰਨ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਤਰਨ ਤਾਰਨ ਦੇ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀ ਵਿਚ ਸਬਸਿਡੀ ਵਾਲੇ ਯੂਰੀਆ ਦੀ ਵਰਤੋਂ ਸਬੰਧੀ ਚੈਕਿੰਗ ਕੀਤੀ ਗਈ ।

ਡਾ. ਗੁਰਨਾਮ ਸਿੰਘ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਵਿਚ ਲਗਾਤਾਰ ਯੂਰੀਆ ਖਾਦ ਦੀ ਵਰਤੋਂ ਵੱਧ ਰਹੀ ਹੈ ਅਤੇ ਅਤੇ ਵੇਖਣ ਵਿਚ ਆਇਆ ਹੈ ਕਿ ਸਬਸਿਡੀ ਵਾਲੀ ਯੂਰੀਆ ਖਾਦ ਦੀ ਵਰਤੋਂ ਫੀਡ ਅਤੇ ਪਲਾਈਵੁੱਡ ਇੰਡਸਟਰੀ ਵਿਚ ਸੰਭਵ ਹੈ, ਜੋ ਕਿ ਗੈਰ ਕਾਨੂੰਨੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਇੰਡਸਟਰੀਆਂ ਵਿਚ ਯੂਰੀਆ ਖਾਦ ਦੀ ਵਰਤੋਂ ਨੂੰ ਰੋਕਣ ਸਬੰਧੀ ਪੂਰੇ ਪੰਜਾਬ ਵਿਚ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਇਸੇ ਲੜੀ ਤਹਿਤ ਜ਼ਿਲ੍ਹਾ ਤਰਨ ਤਾਰਨ ਵਿੱਚ ਅੱਜ ਚੈਕਿੰਗ ਕੀਤੀ ਗਈ ਹੈ।ਉਨ੍ਹਾਂ ਨੇ ਆਪਣੀ ਟੀਮ ਸਹਿਤ ਝਬਾਲ ਸਥਿਤ ਪਲਾਈਵੁੱਡ ਇੰਡਸਟਰੀ ਅਤੇ ਬਲਾਕ ਭਿੱਖੀਵਿੰਡ ਦੇ ਸਮੂਹ ਖ਼ਾਦ ਵਿਕਰੇਤਾਵਾਂ ਦੀ ਚੈਕਿੰਗ ਕੀਤੀ ਅਤੇ ਮੁੱਖ ਖੇਤੀਬਾੜੀ ਅਫ਼ਸਰ, ਤਰਨ ਤਾਰਨ ਡਾ. ਤੇਜ਼ਬੀਰ ਸਿੰਘ ਭੰਗੂ ਨੇ ਬਲਾਕ ਪੱਟੀ ਦੇ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀਆਂ ਦੀ ਚੈਕਿੰਗ ਕੀਤੀ। ਉਨ੍ਹਾਂ ਸਮੂਹ ਖ਼ਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੀ.ਓ.ਐਸ ਮਸ਼ੀਨਾਂ ਵਿਚੋਂ ਸਟਾਕ ਕਲੀਅਰ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਲੋੜ ਅਨੁਸਾਰ ਹੀ ਖ਼ਾਦ ਦਿੱਤੀ ਜਾਵੇ ਅਤੇ ਫਾਲਤੂ ਖ਼ਾਦ ਦੀ ਵਿਕਰੀ ਬਿਲਕੁਲ ਨਾ ਕੀਤੀ ਜਾਵੇ। ਜੇਕਰ ਕੋਈ ਵੀ ਖ਼ਾਦ ਵਿਕਰੇਤਾ ਯੂਰੀਆ ਖਾਦ ਫੀਡ ਅਤੇ ਪਲਾਈਵੁੱਡ ਇੰਡਸਟਰੀਆਂ ਨੂੰ ਵੇਚਦਾ ਫੜਿਆ ਗਿਆ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਸੰਯੁਕਤ ਡਾਇਰੈਕਟਰ ਡਾ. ਗੁਰਨਾਮ ਸਿੰਘ ਵੱਲੋਂ ਸਮੂਹ ਖੇਤੀਬਾੜੀ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਸਮੂਹ ਖ਼ਾਦ ਵਿਕਰੇਤਾਵਾਂ, ਫੀਡ ਅਤੇ ਪਲਾਈਵੁੱਡ ਇੰਡਸਟਰੀ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕਿਸੇ ਇੰਡਸਟਰੀ ਵਿਚ ਸਬਸਿਡੀ ਵਾਲੇ ਯੂਰੀਆ ਦੀ ਵਰਤੋਂ ਹੁੰਦੀ ਪਾਈ ਜਾਂਦੀ ਹੈ ਤਾਂ ਉਸ ਇੰਡਸਟਰੀ 'ਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਉਸ ਨੂੰ ਸੀਜ਼ ਕੀਤਾ ਜਾਵੇ।ਮੁੱਖ ਖੇਤੀਬਾੜੀ ਅਫਸਰ, ਤਰਨਤਾਰਨ ਡਾ. ਤੇਜਬੀਰ ਸਿੰਘ ਭੰਗੂ ਨੇ ਇਸ ਮੌਕੇ ਕਿਹਾ ਕਿ ਇਨ੍ਹਾਂ ਹੁਕਮਾਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਤਰਨ ਤਾਰਨ ਵਿਚ ਖ਼ਾਦ ਦੀ ਫਾਲਤੂ ਵਿਕਰੀ ਅਤੇ ਇੰਡਸਟਰੀ ਵਿਚ ਕੀਤੀ ਜਾ ਰਹੀ ਗੈਰ ਕਾਨੂੰਨੀ ਵਰਤੋਂ ਨੂੰ ਬਿਲਕੁਲ ਰੋਕਿਆ ਜਾਵੇਗਾ ਅਤੇ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰ ਐਸੋਈਏਸ਼ਨ ਦੀ ਮੀਟਿੰਗ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 12 ਅਪ੍ਰੈਲ ।**

ਸੀਨੀਅਰ ਸਿਟੀਜ਼ਨ ਅਤੇ ਪੈਨਸ਼ਨਰ ਐਸੋਈਏਸ਼ਨ ਜਿਲ੍ਹਾ ਤਰਨ ਤਾਰਨ ਦੀ ਮਹੀਨਾ ਵਾਰ ਮੀਟਿੰਗ ਅਜੀਤ ਸਿੰਘ ਢੋਟੀਆਂ ਦੀ ਪ੍ਰਧਾਨਗੀ ਹੇਠ ਬੱਸ ਅੱਡਾ ਤਰਨ ਤਾਰਨ ਵਿਖੇ ਹੋਈ। ਮੀਟਿੰਗ ਕਰਵਾਈ ਮਾਸਟਰ ਸਤਵਿੰਦਰ ਸਿੰਘ ਨੇ ਬੜੀ ਬਾਖੂਬੀ ਨਾਲ ਨਿਭਾਈ। ਮੀਟਿੰਗ ਦੀ ਸ਼ੁਰੂਆਤ ਵਿਚ ਹਰਪ੍ਰੀਤ ਸਿੰਘ ਬਰਾੜ ਜੱਜ ਵਲੋਂ ਦਿੱਤੇ ਫੈਸਲੇ ਅਤੇ ਡਾ. ਐਨ ਕੇ ਕਲਸੀ ਵਲੋ ਕੋਰਟ ਵਿੱਚ ਮਦਦ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਸਾਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਜੇ ਇਸ ਫੈਸਲੇ ਵਿਰੋਧ ਵਿਚ ਅੱਗੇ ਕੋਰਟ ਵਿੱਚ ਅਪੀਲ ਕੀਤੀ ਗਈ ਤਾਂ ਸਮੂੰਹ ਪੈਨਸ਼ਨਰ ਸਟੇਟ ਪੱਧਰ ਤੇ ਵੱਡਾ ਐਕਸ਼ਨ ਕਰਨਗੇ। ਇਸ ਮੋਕੇ ਪੈਨਸ਼ਨਰ ਮਹਾ ਸੰਗ ਦੀ ਸਟੇਟ ਕਾਰਜਕਾਰਨੀ ਦੀ ਚੋਣ ਲਈ ਸਰਬਸਮਤੀ ਨਾਲ ਪ੍ਰੋੜਤਾ ਕੀਤੀ ਗਈ। ਇਸ ਮੌਕੇ ਸਟੇਟ ਕਰਕਰਨੀ ਲਈ ਦੋ ਮੈਂਬਰ ਜੱਸਾ ਸਿੰਘ ਕੱਦ ਗਿੱਲ ਅਤੇ ਗੁਰਮੇਜ ਸਿੰਘ ਸਫੀਪੁਰ ਦਾ ਨਾਮ ਭੇਜਿਆ ਗਿਆ। ਮੀਟਿੰਗ ਨੂੰ ਗੁਰਮੇਜ਼ ਸਿੰਘ, ਮਾਸਟਰ ਸਤਵਿੰਦਰ ਸਿੰਘ, ਅਤੇ ਅਮ੍ਰਿਤਸਰ ਤੋ ਪੁੱਜੇ ਸਪੈਸ਼ਲ ਲੀਡਰ ਕਾਮਰੇਡ ਜੋਗਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਪੈਨਸ਼ਨਰ ਅਤੇ ਮੁਲਾਜਮਾ ਨਾਲ ਕੀਤੇ ਘਟੀਆ ਵਤੀਰੇ ਦੀ ਸਖ਼ਤ ਨਿਖੇਦੀ ਕੀਤੀ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕੇ ਸਾਰਕਾਰ ਵਲੋਂ ਕੋਰਟ ਦੇ ਫੈਸਲੇ ਵੀ ਲਾਗੂ ਨਹੀਂ ਕੀਤੀ ਜਾ ਰਹੇ।ਸਿਰਫ ਮੁਫ਼ਤ ਦੀਆਂ ਰੇੜੀਆਂ ਵੰਡ ਕੇ ਵੋਟਾਂ ਖਰੀਦ ਰਹੇ ਹਨ। ਲੋਕਾਂ ਨੂੰ ਮੰਗਤੇ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਅਗਰ ਰੋਜ਼ਗਾਰ ਦਿੱਤਾ ਜਾਵੇ ਤਾਂ ਲੋਕ ਇਹ ਸਹੂਲਤ ਖੁਦ ਲੇ ਸਕਦੇ ਹਨ। ਸੂਬੇ ਨੂੰ ਕਰਜਾਈ ਕਰ ਦਿੱਤਾ ਹੈ। ਮੀਟਿੰਗ ਨੂੰ ਗੁਰਮੇਜ਼ ਸਿੰਘ, ਮਾਸਟਰ ਸਤਵਿੰਦਰ ਸਿੰਘ, ਅਤੇ ਅਮ੍ਰਿਤਸਰ ਤੋ ਆਏ ਸਪੈਸ਼ਲ ਲੀਡਰ ਕਾਮਰੇਡ ਜੋਗਿੰਦਰ ਸਿੰਘ ਨੇ ਸੰਬੋਧਨ ਕੀਤਾ। ਮੀਟਿੰਗ ਵਿਚ ਮੋਹਿੰਦਰ ਸਿੰਘ, ਧਰਮ ਸਿੰਘ ,ਲੱਖਾਂ ਸਿੰਘ, ਕੁਲਵੰਤ ਸਿੰਘ, ਸਮੇਤ 100 ਦੇ ਕਰੀਬ ਮੈਂਬਰਾਂ ਨੇ ਭਾਗ ਲਿਆ। 'ਅੰਤ ਚ ਪ੍ਰਧਾਨ ਅਜੀਤ ਸਿੰਘ ਨੇ ਆਏ ਮੈਂਬਰਾ ਦਾ ਧੰਨਵਾਦ ਕੀਤਾ।

## ਹਲਕਾ ਖਡੂਰ ਸਾਹਿਬ ਦੇ ਹਰ ਵਰਗ ਨੂੰ ਨਾਲ ਲੈ ਕੇ ਚੱਲਾਂਗੇ-ਪ੍ਰੋ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ, 12 ਅਪ੍ਰੈਲ ।**

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿਉ ਜਿਉ ਨੇੜੇ ਆ ਰਹੀਆਂ ਹਨ ਹਰ ਪਾਰਟੀ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਹਲਕਾ ਖਡੂਰ ਸਾਹਿਬ ਵਿੱਚ ਵੀ ਸਰਗਰਮੀਆਂ ਦਾ ਦੌਰ ਤੇਜ਼ ਹੋ ਗਿਆ ਹੈ। ਪ੍ਰੋ.ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਨੇ ਵੀ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਹਰ ਰੋਜ਼ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਕਰ ਰਹੇ ਹਨ ਉਹਨਾਂ ਨੂੰ ਹਰ ਵਰਗ ਵਲੋਂ ਪੂਰਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਪਿੰਡ- ਪਿੰਡ ਹਲਕੇ ਦੇ ਲੋਕਾਂ ਵਿੱਚ ਭਾਈ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਲੋਕ ਪੜੇ ਲਿਖੇ ਅਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਖੜ੍ਹਨ ਵਾਲੇ ਆਗੂ ਨੂੰ ਪਸੰਦ ਕਰ ਰਹੇ ਹਨ। ਉਹਨਾਂ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਵੀ ਵੱਖ ਵੱਖ ਜੱਥੇਬੰਦੀਆਂ ਵੱਲੋਂ ਅਤੇ ਆਮ ਲੋਕਾਂ ਵਲੋਂ ਸਨਮਾਨਿਤ ਕੀਤਾ। ਸਾਡੀ ਟੀਮ ਦਿਨ ਰਾਤ ਲੋਕਾਂ ਵਿੱਚ ਹਾਜ਼ਰ ਰਹਿ ਕੇ ਅਸੀਂ ਆਮ ਲੋਕਾਂ ਦੀਆਂ ਸਮੱਸਿਆਂਵਾਂ ਦਾ ਹੱਲ ਕਰ ਰਹੀ ਹੈ। ਸਾਡਾ ਮੁੱਖ ਮਕਸਦ ਲੋਕਾਂ ਦੀ ਸੇਵਾ ਕਰਨਾ ਹੈ। ਅਸੀਂ ਲੋਕ ਸੇਵਾ ਵਿੱਚ ਹਮੇਸ਼ਾ ਹਾਜ਼ਰ ਹਾਂ ਤੇ ਰਹਾਂਗੇ ਲੋਕਾਂ ਵਲੋਂ ਮਿਲਦਾ ਪਿਆਰ ਸਤਿਕਾਰ ਸਾਡੀ ਟੀਮ ਦੀ ਤਾਕਤ ਹੈ।

